


ਕਨੇਡੀਅਨ ਪੰਜਾਬੀ ਕਵਿਤਾ ਅੰਕ

ਸਤੰਬਰ ਅਕਤੂਬਰ 1981

ਰਜਿੰਦਰ ਚੀਮਾਂ
ਬਲਦੇਵ ਚੀਮਾਂ ਰਵਿੰਦਰ ਰਵੀ ਬਲੱਤਰ ਚੱਧੜੀ
ਮਹਿੰਦਰ ਸੂਮਲ
ਇਕਬਾਲ ਰਾਮੂਵਾਲੀਆ
ਗੁਰਚਰਨ ਰਾਮਪੁਰੀ
ਦਰਸ਼ਨ ਧੀਰ
ਜੋਗਿੰਦਰ ਚੀਮਾਂ
ਸਾਟ ਤ੍ਰਿੰਤਰ
ਜਰਨੈਲ ਸਿੰਘ
ਅਮੀਰ ਪਸ਼ਾਰੀ
ਸੁਰਜੀਤ ਕਲਸੀ
ਤ੍ਰਿਲੋਚਨ ਗਿੱਲ
ਦਸ਼ਮਿੰਦਰ
ਸੁਖਿੰਦਰ
ਇੱਤਰ ਗਲਾ
ਸੁਰਿੰਦਰ ਧੰਜਲ
ਬਲਰਾਜ ਚੀਮਾਂ

ਕਵਿਤਾ ਗੁਲਦਾਨ ਜਾਂ ਬਗੀਚੇ ਵਿਚਲੇ ਫੁੱਲਾਂ ਵਾਂਗ ਜਾਂ
ਫੁੱਲਾਂ ਦੀ ਕਿਆਰੀ ਵਾਂਗ ਨਹੀਂ ਹੁੰਦੀ / ਉਥੇ ਸਭ ਕੁੱਝ ਥਾਂ
ਸਿਰ ਤੇ ਤੁਹਾਡੀਆਂ ਅੱਖਾਂ ਸਾਮ੍ਹਣੇ ਹੁੰਦਾ ਹੈ।
ਕੁਝ ਢੂੰਡਣ ਦੀ ਲੋੜ ਨਹੀਂ। ਕਵਿਤਾ ਖੇਤ ਵਿਚ ਜਾਂ
ਪਹਾੜੀ ਚਰਾਗਾਹਾਂ ਵਿੱਚ ਉੱਗਦੇ ਜੰਗਲੀ ਫੁੱਲਾਂ ਵਾਂਗ ਹੁੰਦੀ ਹੈ,
ਜਿੱਥੇ ਹਰ ਨਵੇਂ ਕਦਮ ਨਾਲ
ਨਵਾਂ ਤੇ ਹੋਰ ਵੀ ਸੋਹਣਾ ਫੁੱਲ ਤੁਹਾਡੀ ਨਜ਼ਰੀਂ
ਪੈਂਦਾ ਹੈ।

— ਰਸੂਲ ਹਮਜ਼ਾਤੋਵ

[illegible]
ਕਰਨੈਲ ਸਿੰਘ ਪਾਰਸ
ਅੱਚਣ ਟੁੱਟ
ਕੇਸਰ ਸਿੰਘ
ਹਰਮਿੰਦਰ
ਹਰਿੰਦਰ ਚੀਮਾਂ
ਸੂਦੀ ਅਮਰਜੀਤ
ਜਗਦੇਵ ਮੇਹਾਣਾ
ਮੰਗਾ ਸਿੰਘ ਬਾਸੀ
ਕੁਲਦੀਪ ਸਹੋਤਾ
ਹਰਦੇਵ ਸਿੰਘ
ਹਰੀਪਾਲ
ਗਿੱਲ ਮੋਰਾਂਵਾਲੀ
ਅਜਮੇਰ ਰੋਡੇ
ਦਰਸ਼ਨ ਗਿੱਲ
ਅਜਮੂਦ ਅਸ਼ੋਕਟੀ
ਸਾਧੂ
ਮੋਤਾ ਸਿੰਘ
ਗੁਰਦਾਸ
ਸੁਖਵੰਤ ਹੁੰਦਲ
ਨਵਿੰਦਰ ਤਾਰਗੀ
ਮਨਜੀਤ ਮੀਤ
ਦੇਵ ਮਹਾਰਾ

**LITERARY & CULTURAL BI-MONTHLY OF PANJABI**

# THE WATNO DŪR

P.O.Box 67681 Stn.'O'
Vancouver, B.C. V5W 3V2

ਪੰਜਾਬੀ ਦਾ ਸਾਹਿਤਕ ਤੇ ਸੱਭਿਆਚਾਰਕ ਦੋ ਮਾਸਕ - ਪੱਤਰ

# ਵਤਨੋਂ ਦੂਰ

P.O.Box 67681 Stn.'O'
Vancouver, B.C. V5W 3V2

| 2nd Class Mail Reg. No. 3233 ANNUAL SUBSCRIPTION: Canada-U.S.A. $6.00 Other SEA $6.00 Countries AIR $9.00 | VOL. 9 NO. 88 SEPT./OCT. 1981 | *All officeholders and members of WATNO DUR PUBLICATIONS (Reg'd.) past and present have been and are honorary associates of WATNO DUR.* |
|---|---|---|

**EDITOR:**
Sadhu, 437-9014

**ASSISTANT EDITOR:**
Sukhwant Hundal, 321-9221

CIRCULATION EDITORS
Amarjit Chahal, 581-0406
Inderjit Rode, 430-1538

**ADVERTISING AND MANAGING EDITOR:**
Paul Binning, 879-3339

**ADVISER:**
Ajmer Rodey, 438-7793
Surinder Dhanjal, (403)-539-9614

**WATNO DUR REPRESENTATIVES:**
Raghbir Mand, 325-9564 Vancouver
Iqbal Ramuwalia,
Gill Avtar, Sherwood Park, Alta. (464-3851)
Dave Jatana, Prince Rupert 627-7209
Harnek Mann, Pr. George (564-6245)
J. S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)
Satwant Deepak, Edmonton 484-6423
Kashmira Singh Chaman, Calgary (248-2841)
Jagdev S. Jatana, Fort Nelson (774-6308)

Surinder Kailay
9-D, Sarabha Nagar
Ludhiana 141001
Punjab, India

Jasbir Bath
19 Summertrees Ave. L4920D
Greasby Merseyside
Liverpool, England

## ਐਡੀਟੋਰੀਅਲ

ਵਤਨੋਂ ਦੂਰ ਦਾ ਪਹਿਲਾ 'ਕਵਿਤਾ ਅੰਕ' ਤੁਹਾਡੇ ਸਨਮੁੱਖ ਹੈ। ਇਸ ਤੋਂ ਪਹਿਲਾਂ ਅਸੀਂ ਤੁਹਾਡੇ ਸਾਹਮਣੇ ਦੋ ਕਹਾਣੀ ਅੰਕ ਪੇਸ਼ ਕਰ ਚੁੱਕੇ ਹਾਂ। ਜਿਸ ਤਰ੍ਹਾਂ ਪਾਠਕਾਂ ਨੇ ਇਹਨਾਂ ਕਹਾਣੀ ਅੰਕਾਂ ਨੂੰ ਮਾਣਿਆਂ ਤੇ ਸਲਾਹਿਆ ਹੈ ਉਸ ਤੋਂ ਉਤਸ਼ਾਹ ਲੈ ਕੇ ਅਸੀਂ 'ਕਵਿਤਾ ਅੰਕ' ਕੱਢਣ ਦਾ ਫੈਸਲਾ ਕੀਤਾ ਹੈ ਤਾਂ ਕਿ ਤੁਹਾਡੇ ਸਾਹਮਣੇ ਕੈਨੇਡਾ ਵਿਚ ਰਚੀ ਜਾ ਰਹੀ ਅਜੋਕੀ ਪੰਜਾਬੀ ਕਵਿਤਾ ਦੀ ਇੱਕ ਝਲਕ ਰਖੀ ਜਾ ਸਕੇ।

ਆਪਣੇ ਵੱਲੋਂ ਅਸੀਂ ਪੂਰੀ ਕੋਸ਼ਿਸ਼ ਕੀਤੀ ਹੈ ਕਿ ਕੈਨੇਡਾ ਵਿੱਚ ਲਿਖੀ ਜਾ ਰਹੀ ਕਵਿਤਾ ਦੀ ਹਰ ਵੰਨਗੀ ਇਸ ਅੰਕ ਵਿੱਚ ਪੇਸ਼ ਕਰੀਏ। ਇਸ ਲਈ ਅਸੀਂ ਕੈਨੇਡਾ ਵਿੱਚ ਰਹਿ ਰਹੇ ਸੱਭ ਲੇਖਕਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਹੈ। ਹੋ ਸਕਦਾ ਹੈ ਅਸੀਂ ਕੁੱਝ ਇੱਕ ਤੱਕ ਨਾਂ ਪਹੁੰਚ ਸਕੇ ਹੋਈਏ ਤੇ ਕੁਝ ਇਕ ਲੇਖਕ ਆਪਣੀ ਕਿਸੇ ਮਜਬੂਰੀ ਕਾਰਨ ਸਾਨੂੰ ਆਪਣੀ ਰਚਨਾਂ ਨਾਂ ਭੇਜ ਸਕੇ ਹੋਣ। ਉਹਨਾਂ ਲੇਖਕਾਂ ਦਾ ਜਿੰਨ੍ਹਾਂ ਸਾਨੂੰ ਇਸ ਅੰਕ ਲਈ ਆਪਣੀਆਂ ਰਚਨਾਵਾਂ ਭੇਜੀਆਂ ਹਨ ਅਸੀਂ ਧੰਨਵਾਦ ਕਰਦੇ ਹਾਂ। ਇਸ ਅੰਕ ਵਿਚਲੀਆਂ ਕਵਿਤਾਵਾਂ ਦੀ ਕਲਾ ਪੱਧਰ, ਵਿਸ਼ਿਆਂ ਦੇ ਨਿਭਾਅ ਬਾਰੇ ਫੈਸਲਾ ਅਸੀਂ ਪਾਠਕਾਂ ਤੇ ਛਡਦੇ ਹੋਏ ਇਹਨਾਂ ਕਵਿਤਾਵਾਂ ਬਾਰੇ ਇੱਕ ਗੱਲ ਜ਼ਰੂਰ ਕਹਿਣੀ ਚਾਹਵਾਂਗੇ ਕਿ ਇਹਨਾਂ ਵਿਚਲੀਆਂ ਬਹੁ ਗਿਣਤੀ ਕਵਿਤਾਵਾਂ ਇਥੇ ਰਹਿ ਰਹੇ ਭਾਰਤੀ ਲੋਕਾਂ ਦੀ ਜ਼ਿੰਦਗੀ ਬਾਰੇ ਅਤੇ ਉਹਨਾਂ ਦੇ ਦਰਪੇਸ਼ ਹੋ ਰਹੀਆਂ ਮੁਸ਼ਕਿਲਾਂ ਬਾਰੇ ਹਨ। ਜਿਹੜਾ ਕਿ ਇੱਕ ਸ਼ੁਭ ਲੱਛਣ ਹੈ ਕਿਉਂਕਿ ਕੋਈ ਵੀ ਸਾਹਿਤ ਵਧੀਆ ਤਾਂ ਹੀ ਕਹਾ ਸਕਦਾ ਹੈ ਜੇ ਉਹ ਲੋਕਾਂ ਦੀ ਜ਼ਿੰਦਗੀ ਅਤੇ ਉਹਨਾਂ ਨੂੰ ਆ ਰਹੀਆਂ ਸਮੱਸਿਆਵਾਂ ਦੇ ਰੂ ਬਰੂ ਹੋਵੇ।

ਇਸ ਸਮੇਂ "ਵਤਨੋਂ ਦੂਰ" ਆਪਣੇ ਨੌਵੇਂ ਵਰ੍ਹੇ ਵਿੱਚ ਹੈ। ਪਿਛਲੇ ਅੱਠਾਂ ਸਾਲਾਂ ਵਿੱਚ ਜਿਸ ਤਰ੍ਹਾਂ ਪਾਠਕਾਂ, ਲੇਖਕਾਂ ਅਤੇ ਸਨੇਹੀਆਂ ਨੇ ਸਾਨੂੰ ਸਹਿਯੋਗ ਦਿੱਤਾ ਉਸ ਲਈ ਅਸੀਂ ਉਹਨਾਂ ਦੇ ਧੰਨਵਾਦੀ ਹਾਂ ਅਤੇ ਆਸ ਕਰਦੇ ਹਾਂ ਕਿ ਉਹਨਾਂ ਦਾ ਸਹਿਯੋਗ ਸਾਨੂੰ ਹਮੇਸ਼ਾਂ ਮਿਲਦਾ ਰਹੇਗਾ। ਇਸ ਅੰਕ ਬਾਰੇ ਆਏ ਪਾਠਕਾਂ, ਲੇਖਕਾਂ ਦੇ ਸੁਝਾਵਾਂ ਦਾ ਅਸੀਂ ਸੁਆਗਤ ਕਰਾਂਗੇ। ਆਪਣੇ ਪਾਠਕਾਂ, ਲੇਖਕਾਂ ਅਤੇ ਸਨੇਹੀਆਂ ਦੇ ਸਹਿਯੋਗ ਦੀ ਕਦਰ ਕਰਦੇ ਹੋਏ ਉਹਨਾਂ ਨੂੰ ਯਕੀਨ ਦਵਾਉਂਦੇ ਹਾਂ ਕਿ 'ਵਤਨੋਂ ਦੂਰ' ਹਮੇਸ਼ਾਂ ਉਹਨਾਂ ਤੱਕ ਪਹੁੰਚਦਾ ਰਹੇਗਾ।

ਸੁਖਵੰਤ ਹੁੰਦਲ

ਵਤਨੋਂ ਦੂਰ ਵਿਚ ਛਪੀਆਂ ਰਚਨਾਵਾਂ ਨਾਲ ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ; ਵਿਚਾਰ ਲੇਖਕਾਂ ਦੇ ਆਪਣੇ ਨਿਜੀ ਹਨ।

# ਅਜਮੇਰ ਰੋਡੇ

## ਇਕ

(ਮੈਕਲੀਅਨ ਪਾਰਕ ਵਿਚ ਹੋਏ ਨਸਲਵਾਦ ਵਿਰੋਧੀ ਮੁਜ਼ਾਹਰੇ ਵਿਚ ਜ਼ਖ਼ਮੀ ਹੋਏ ਦੋਸਤਾਂ ਤੋਂ ਮੁਆਫ਼ੀ ਸਹਿਤ)

ਅੰਦਰ ਦੀ ਬੇਚੈਨੀ ਸੀ
ਜਾਂ ਕਿਰਮਚੀ ਰੰਗ ਵਿਚ ਕੋਈ ਖਿੱਚ
ਅਸੀਂ ਡੁਲ੍ਹਿਆ ਖ਼ੂਨ ਵੇਖਣ ਲਈ
ਪਾਰਕ ਵਿਚ ਫੇਰ ਚਲੇ ਗਏ।
ਖ਼ੂਨ ਦਾ ਡੁਲ੍ਹਣਾ ਆਖ਼ਰ ਵੱਡੀ ਗੱਲ ਹੁੰਦੀ ਹੈ।
(ਡੁਲ੍ਹੇ ਖ਼ੂਨ ਨਾਲ ਸਗਾਂਦੀਆਂ ਦੇ ਉਦਾਸ ਮੂੰਹਾਂ ਤੇ
ਸੂਹਾ ਤੇਜ ਉਦੇ ਹੋ ਸਕਦੈ!)

ਖ਼ੈਰ, ਪਾਰਕ ਵਿਚ ਤਾਜ਼ੇ ਖ਼ੂਨ ਦੀ ਹਵਾੜ
ਅਜੇ ਵੀ ਮੌਜੂਦ ਸੀ
ਘਾਹ ਤੇ ਅਟਕੀਆਂ ਛਿੱਟਾਂ ਦਾ ਰੰਗ
ਅਜੇ ਵੀ ਸੂਹਾ ਸੀ।
ਹਰੀ ਤਿੜ ਤੇ ਬੈਠੇ ਮੋਟੀਆਂ ਅੱਖਾਂ ਵਾਲੇ ਟਿੱਡੇ ਨੇ
ਸੁਭਾਵਕ ਹੀ ਤ੍ਰੇਲ ਦੇ ਤੁਪਕੇ ਤੋਂ ਘੁੱਟ ਭਰੀ—
ਘਬਰਾ ਕੇ ਕਾਹਲੀ ਕਾਹਲੀ ਅੱਖਾਂ ਘੁਮਾਈਆਂ
ਤ੍ਰੇਲ ਦਾ ਸੁਆਦ ਅੱਜ ਬਹੁਤ ਅਜੀਬ ਸੀ।
ਉਸ ਦੀ ਹਰਕਤ ਨਾਲ ਸੂਹਾ ਤੁਪਕਾ
ਹੌਲੀ ਹੌਲੀ ਤਿਲਕਦਾ ਘਾਹ ਦੀ ਜੜ੍ਹ ਤੇ ਜਾ ਅਟਕਿਆ
ਜੜ੍ਹ ਨਾਲ ਆਮ੍ਹੋ ਸਾਹਮਣੇ ਪਈਆਂ
ਦੋ ਜੋਕਾਂ ਵਰਗੀਆਂ ਸੁੰਡੀਆਂ ਵਿਚ ਜਾਨ ਆਈ—
ਉਨ੍ਹਾਂ ਦੇ ਪੀਂਦਿਆਂ ਪੀਂਦਿਆਂ ਅੱਧਾ ਤੁਪਕਾ
ਧਰਤੀ ਵਿਚ ਜੀਰ ਗਿਆ।
ਪੋਲੀ ਭੋਇੰ ਵਿਚ ਹੌਲੀ ਹੌਲੀ ਪਾਸਿਆਂ ਨੂੰ,
ਥੱਲੇ ਨੂੰ ਫੈਲਣ ਲੱਗਾ।
ਧਰਤੀ ਵਿਚ ਸਥਿਰ ਤਿੰਨ ਚਾਰ ਇੰਚੀ ਖਾਣੇ ਜੰਤੂਆਂ ਵਿਚ
ਹਿੱਲ ਜੁੱਲ ਹੋਈ—
ਅਚਾਨਕ ਉਨ੍ਹਾਂ ਦੀ ਖ਼ੁਰਾਕ ਦਾ ਸੁਆਦ ਬਦਲ ਗਿਆ ਸੀ।
ਤੁਪਕਾ ਪਿਘਲੇ ਰੂਪ ਵਿਚ ਕਣ ਕਣ ਤੁਰਦਾ
ਥੱਲੇ ਦੱਬੇ ਇਕ ਪੱਥਰ ਨਾਲ ਜਾ ਲੱਗਾ
ਹੌਲੀ ਹੌਲੀ ਪੱਥਰ ਦਾ ਉਤਲਾ ਪਾਸਾ ਸਿੱਲ੍ਹਾ ਹੋ ਗਿਆ।
ਪਲਾਂ ਵਿਚ ਹੀ ਪੱਥਰ ਉੱਤੇ
ਜਿੰਦ-ਨਿਰਜਿੰਦ ਸਤਹ ਤੇ ਵਿਚਰਦੇ
ਪਸ਼ਮ ਮਹੀਨ ਅਣੂ ਜ਼ਿੰਦਾ ਹੋ ਗਏ।
ਇਨ੍ਹਾਂ ਜੀਆਂ ਤੋਂ ਅੱਗੇ ਅਨੇਕ ਰੂਪਾਂ
ਵਿਚ ਜੀਅ ਉਮਗ ਪਏ।
ਜਿਵੇਂ ਪੱਥਰ ਦਾ ਕੋਨਾ ਕੋਨਾ ਭਰ ਗਿਆ।
ਤੁਪਕੇ ਦੀ ਕਰਾਮਾਤ ਨਾਲ
ਇਕ ਮਹੀਨ ਸੰਸਾਰ ਵੱਸ ਗਿਆ।

ਅਸੀਂ ਭਰੇ ਮਨ ਨਾਲ ਹੌਲੀ ਹੌਲੀ
ਵਾਪਸ ਘਰ ਨੂੰ ਪਰਤਣ ਲੱਗੇ।
ਸੋਚ ਰਹੇ ਸਾਂ
ਚਲੋ, ਸਾਡਾ ਡੁਲ੍ਹਿਆ ਖ਼ੂਨ ਕਿਸੇ ਕੰਮ ਤਾਂ ਆਇਆ।

●

## ਦੋ

(ਨਸਲਵਾਦ ਵਿਰੁੱਧ ਸੰਘਰਸ਼ ਨੂੰ ਸਮਰਪਿਤ)

ਬੰਦਾ ਉਹ ਬਹੁਤ ਕੰਮ ਦਾ ਸੀ।
ਚਾਹੁੰਦਾ ਤਾਂ ਜ਼ਿੰਦਗੀ ਦੇ ਸਾਰੇ ਬਾਣ
ਨੰਗੇ ਜੁੱਸੇ ਵਿਚ ਜਜ਼ਬ ਕਰ
ਖਿੜ ਖਿੜ ਹੱਸ ਸਕਦਾ ਸੀ।
ਉਸ ਪਿੱਛੇ ਸਹਿਮੇ ਬੋਟ ਨਿਸਚਿੰਤ ਖੰਭ ਕਢਦੇ
ਖੁੱਲ੍ਹੀ ਪੌਣ ਵਿਚ ਉਡਾਰੀਆਂ ਭਰ ਸਕਦੇ ਸਨ
ਕਾਨਿਆਂ ਵਾਂਗ ਲਿਫ਼ ਲਿਫ਼ ਜਾਂਦੇ ਸਰੀਰ
ਉਸ ਦੇ ਇਕ ਇਸ਼ਾਰੇ ਤੇ ਸਰੂ ਵਾਂਗ ਖੜ੍ਹ ਸਕਦੇ ਸਨ
ਘੜੀ ਮੁੜੀ ਉਠਦੇ ਪਾਗਲ ਵਰੋਲਿਆਂ ਨੂੰ ਨਥ ਪਾ ਸਕਦੇ ਸਨ।
ਚਾਹੁੰਦਾ ਤਾਂ ਗਲੀ ਦੇ ਹਨੇਰਿਆਂ ਵਿਚ
ਸ਼ਹਿ ਲਾਈ ਫਿਰਦੇ "ਡਰਾਕੂਲਾ" ਨੂੰ
ਸੰਘੀ ਤੋਂ ਫੜ ਸਕਦਾ ਸੀ
ਉਸ ਦੇ ਦੰਦ ਲੰਮੇ ਹੋਣ ਤੋਂ ਪਹਿਲਾਂ ਹੀ ਉਸਨੂੰ
ਕਬਰ ਵਿਚ ਸਦਾ ਲਈ ਪਾ ਸਕਦਾ ਸੀ।
ਰਾਤਾਂ ਦੀ ਖ਼ਾਮੋਸ਼ੀ ਵਿਚ ਟੁਟਦੇ ਸ਼ੀਸ਼ਿਆਂ ਦੀ
ਠਿਣਕ ਤਿੜਕ ਖ਼ਾਮੋਸ਼ ਹੋ ਜਾਂਦੀ
ਸੁਪਨਿਆਂ ਚੋਂ ਅੱਭੜਵਾਹੇ ਉਠਦੀਆਂ
ਰੂਹਾਂ ਦੀ ਨੀਂਦ ਪਰਤ ਆਉਂਦੀ।
ਚਾਹੁੰਦਾ ਤਾਂ ਆਪਣੀ ਲਾਟ ਵਰਗੀ ਨਿਗ੍ਹਾ
ਚਿੱਟੇ ਚੋਗਿਆਂ ਪਿੱਛੇ ਲੁਕੀਆਂ
ਬਾਜ਼ ਅੱਖਾਂ ਵਿਚ ਪਾ ਸਕਦਾ ਸੀ
ਵਿਗਾੜ ਸੂਲੀ ਬਲਣ ਤੋਂ ਪਹਿਲਾਂ
ਚਿੱਟੇ ਚੋਗਿਆਂ ਨੂੰ ਲਾਂਬੂ ਲਾ ਸਕਦਾ ਸੀ।

ਚਾਹੁੰਦਾ ਤਾਂ ਬਹੁਤ ਕੁਝ ਕਰ ਸਕਦਾ ਸੀ।
ਪਰ … … … …
ਉਸ ਤੇ ਕਿਸੇ ਪ੍ਰੇਤ ਦਾ ਸਾਇਆ,
ਉਹ ਇਕੱਲਾ,
ਉਸ ਦਾ ਆਪਾ ਵੀ ਉਸ ਤੋਂ ਅੱਡ
ਪਿੱਛੇ ਪਿੱਛੇ ਤੁਰਦਾ, ਉਸ ਤੇ ਹੱਸਦਾ
ਉਹ ਰੌਂ ਵਿਚ ਜੋ ਅੜੇ ਸੋ ਝੜੇ
ਜੋ ਅੜੇ ਸੋ ਝੜੇ, ਜੋ ਅੜੇ ਸੋ ਝੜੇ ਜਪਦਾ,
ਮੋਰਚੇ ਤੇ ਡਟੇ ਆਪਣੇ ਹੀ ਭਰਾ ਦੀ
ਟੰਗ ਟੋਟੇ ਕਰਦਾ, ਅਵੱਲੇ ਕੰਮ ਕਰਦਾ।
… … … …
ਬੰਦਾ ਉਹ ਬਹੁਤ ਕੰਮ ਦਾ ਸੀ
ਪਰ ਉਸ ਦੇ ਤਮਾਸ਼ੇ ਵੇਖ
ਜ਼ਿੰਦਗੀ ਨੇ ਫੇਰ ਬਾਣ ਕੱਸ ਲਏ ਹਨ
'ਡਰਾਕੂਲਾ' ਨੇ ਦੰਦ ਹੋਰ ਵਧਾ ਲਏ ਹਨ
ਚਿੱਟੇ ਚੋਗਿਆਂ ਪਿੱਛੇ ਲੁਕੀਆਂ ਬਾਜ਼ ਅੱਖਾਂ
ਖ਼ੁਸ਼ ਹੋ ਹੱਸੀਆਂ ਹਨ।

●●

## ਅਮਰੀਕ ਪਲਾਹੀ

### 1. ਜੀਣ ਦਾ ਫ਼ਤਵਾ

ਅਸੀਂ ਤੇ ਜਿਸਮ ਦੇ ਸੌਦੇ
ਵਤਨ ਤੋਂ ਦੂਰ ਕਰਦੇ ਹਾਂ।
ਉਲਾਂਭਾ ਦੇ ਕੇ ਕਿਸਮਤ ਨੂੰ
ਸਜ਼ਾ ਮਨਜ਼ੂਰ ਕਰਦੇ ਹਾਂ।
ਆਪਣੀ ਮਾਲਕੀ ਛੱਡਕੇ
ਨੌਕਰ ਹੋ ਗਏ ਯਾਰੋ,
ਪਤਾ ਨਹੀਂ ਫੇਰ ਕਿਉਂ ਇਸਦਾ
ਅਸੀਂ ਗ਼ਰੂਰ ਕਰਦੇ ਹਾਂ।
ਘਟਾ ਦਾ ਰੂਪ ਸੁਹਣਾ ਸੀ
ਨਾ ਕਲਪੀ ਗਰਜ ਬੱਦਲਾਂ ਦੀ
ਰੁਣ ਝੁੰਮ ਚਾਅ ਜਿਹੇ ਉਜੜੇ
ਹੁਸਨ-ਦਸਤੂਰ ਜਰਦੇ ਹਾਂ।
ਅਸੀਂ ਖ਼ਾਮੋਸ਼ੀਆਂ ਦੇ ਦਿਨ
ਆਵਾਜ਼ਾਂ ਦੇ ਲੰਘਾਏ ਨੇ,
ਜਦੋਂ ਵੀ ਯਾਦ ਕਰਦੇ ਹਾਂ
ਨਸ਼ੇ ਵਿੱਚ ਚੂਰ ਕਰਦੇ ਹਾਂ।
ਰੂਹ ਦੀ ਮੌਤ ਮਗਰੋਂ
ਜਿਸਮ ਦੀ ਕੀ ਹੋਂਦ ਹੁੰਦੀ ਏ?
ਭਲਾ ਫਿਰ ਜੀਣ ਦਾ ਫ਼ਤਵਾ
ਕਿਉਂ ਮਨਜ਼ੂਰ ਕਰਦੇ ਹਾਂ।
ਅਸਾਂ ਤੇ ਉਂਞ ਵੀ ਯਾਰਾ
ਕੀਤੀ ਹੱਦ ਉਲਫ਼ਤ ਦੀ
ਆਪਣੇ ਗੁੱਲ ਕਰ ਦੀਵੇ
ਕਿਸੇ ਦੇ ਨੂਰ ਕਰਦੇ ਹਾਂ।

●

### 2. ਵਸੀਅਤ

ਟੁੱਟਕੇ ਮਸ਼ੀਨ ਦਾ ਧੁਰਾ
ਸਾਥੀ ਨੂੰ ਜ਼ਖ਼ਮੀ ਕਰ ਗਿਆ
ਕਿਸੇ ਆਹ ਭਰਕੇ ਆਖਿਆ
ਮਜ਼ਦੂਰ ਏ ਕੋਈ ਮਰ ਗਿਆ

ਇਹ ਹੱਥ ਮਲਦੇ ਜੋ ਖੜ੍ਹੇ
ਅਫ਼ਸੋਸ ਕਰਦੇ ਯਾਰ ਨੇ
ਕੱਲ੍ਹ ਸੀ ਜੋ ਦੁਸ਼ਮਣ ਏਸਦੇ
ਅੱਜ ਕਿਉਂ ਬਣੇ ਦਿਲਦਾਰ ਨੇ
ਦੇਣੇ ਇੰਨ੍ਹਾਂ ਦੀ ਦੋਸਤੀ ਦੇ
ਉਮਰ ਭਰ ਉਹ ਜਰ ਗਿਆ
ਕਿਸੇ ਆਹ ਭਰਕੇ ਆਖਿਆ
ਮਜ਼ਦੂਰ ਏ ਕੋਈ ਮਰ ਗਿਆ

ਬੱਚੇ ਕਿਸੇ ਦੇ ਪਾਲਣਾਂ
ਇਸਦੀ ਤੇ ਐਸ਼ਾਂ ਕਰਨਗੇ
ਇਸਦੇ ਬੱਚੇ ਜੀਣ ਲਈ
ਭੱਠੀ ਦਾ ਫ਼ੁਲਕਾ ਬਣਨਗੇ
ਲੋਕੀ ਪਏ ਫਿਰ ਕਹਿਣਗੇ
ਔਲਾਦ ਲਈ ਕੀ ਕਰ ਗਿਆ
ਕਿਸੇ ਆਹ ਭਰਕੇ ਆਖਿਆ
ਮਜ਼ਦੂਰ ਏ ਕੋਈ ਮਰ ਗਿਆ

ਮਾਤਮ ਵਕਤ ਕਾਮੇ ਦੇ ਘਰ
ਕੱਫ਼ਣ ਦਾ ਯਾਰੋ ਫ਼ਿਕਰ ਏ
ਜਾਂ ਜ਼ਿੰਦਗੀ ਦੀ ਬੇਬਸੀ ਦਾ
ਕਰ ਗਿਆ ਕੋਈ ਜ਼ਿਕਰ ਏ
ਕੁਝ ਆਪ ਹੈ ਗ਼ਮ ਖਾ ਗਿਆ
ਰਹਿੰਦੇ 'ਵਸੀਅਤ' ਕਰ ਗਿਆ
ਕਿਸੇ ਆਹ ਭਰਕੇ ਆਖਿਆ
ਮਜ਼ਦੂਰ ਏ ਕੋਈ ਮਰ ਗਿਆ।

●●

---

## ਅਮਰਜੀਤ ਚਾਹਲ

### ਬੋਦੀ ਵਾਲਾ ਤਾਰਾ

ਅੰਬਰਾਂ ਤੇ ਚਮਕਣ ਦੇ ਸ਼ੌਕੀਨ ਦੋਸਤੋ
ਅਰਸ਼ੀਂ ਚਮਕਦੀ ਹਰ ਸ਼ੈ
ਸੂਰਜ ਨਹੀਂ ਹੁੰਦੀ

ਜੇ ਮੰਨ ਵੀ ਲਈਏ ਤੁਹਾਡੀ ਤਪਸ਼
ਤਾਂ ਉਸਤੋਂ ਵੀ ਮਿਲੇਗੀ ਸਾਨੂੰ ਊਰਜਾ
ਮੱਤ ਹੋਵੇ ਇਸ ਖ਼ੁਸ਼ਫ਼ਹਿਮੀ ਦਾ ਸ਼ਿਕਾਰ
ਅਸੀਂ ਇਸ ਗਰਮੀ ਵਿੱਚ ਢਲ ਜਾਵਾਂਗੇ
ਜਾਂ ਭਸਮ ਹੋ ਜਾਵਾਂਗੇ

ਉਲਝਦੇ ਫਿਕਰਿਆਂ 'ਚ
ਸਿਰਫ਼ ਲਿਖਣ ਲਈ ਲਿਖੀ ਗਾਥਾ
ਤੁਹਾਡੀ ਬੁੱਧਤਾ ਦੀ ਅੱਯਾਸ਼ੀ ਤਾਂ ਹੋ ਸਕਦੀ ਹੈ
ਪਰ ਇਹ ਇਸ ਕਾਬਲ ਨਹੀਂ
ਕਿਸੇ ਲਈ ਬਣੇ ਪੂਰਨੇ

ਉਹ ਜੋ ਚੜ੍ਹ ਪਏ ਨੇ
ਕਾਲੀ ਰਾਤ ਦੀ ਹਿੱਕ ਉਪਰ
ਸੂਰਜ ਨਾ ਸਹੀ
ਫਿਰ ਵੀ
ਉਨ੍ਹਾਂ 'ਚੋਂ ਕੋਈ ਚੰਦ ਹੋਵੇਗਾ, ਕੋਈ ਤਾਰਾ
ਆਪਣੀਆਂ ਠੰਢੀਆਂ ਕੂਲੀਆਂ ਰਿਸ਼ਮਾਂ ਨਾਲ
ਇਸ ਰਾਤ ਦਾ ਹਨੇਰਾ
ਆਪਣੇ ਵਿਤ ਮੂਜਬ ਦੂਰ ਕਰੇਗਾ

ਅਰਸ਼ਾਂ ਤੇ ਚਮਕਣ ਦੇ ਸ਼ੌਕੀਨ ਦੋਸਤੋ
ਅੰਬਰੀਂ ਚਮਕਦੀ ਹਰ ਸ਼ੈ
ਸੂਰਜ ਨਹੀਂ ਹੁੰਦੀ
ਬੋਦੀ ਵਾਲਾ ਤਾਰਾ ਵੀ ਹੋ ਸਕਦੀ ਹੈ।

●

---

## ਅਮ੍ਰਿਤਾ ਸ਼ੈਲਾ

### ਜ਼ਖ਼ਮ ਨੂੰ ਸਲਾਮ

ਜਦੋਂ ਪਹਿਲੀ ਵਾਰ ਮੇਰੀ ਅੱਖ ਵਿੱਚ ਜ਼ਖ਼ਮ ਉਗਿਆ ਸੀ
ਮੈਂ ਹੋਂਦ ਤੋਂ ਬੋਦਾ ਹੋ ਗਿਆ ਸਾਂ
ਜਦੋਂ ਉਹੀ ਜ਼ਖ਼ਮ ਦੂਸਰੀ ਵਾਰ ਪਸਮਿਆਂ
ਮੈਂ ਜ਼ਮੀਨ-ਦੋਜ਼ ਗਸ਼ਤੀ ਮੰਗਲਾਚਰਣ ਅਲਾਪਿਆ
ਤੇ ਜਦੋਂ ਉਸ ਜ਼ਖ਼ਮ ਛਿੱਕੇ ਟਿਕਾ ਮੈਨੂੰ ਸਲੀਬ ਤੇ ਵਾਰ ਵਾਰ ਲਟਕਾਇਆ
ਮੈਂ ਨ ਬਾਗੂੰਦਿਆਂ ਦੀ ਬੇ-ਸ਼ਰਮੀ ਦੇ ਖੋਲ ਵਿੱਚ ਸੁਰਤੀ ਸਾਮਾਂ ਪਹਿਨਿਆ
ਖਲਾਅ ਵਿਚੋਂ ਉੱਗਿਆ ਹੋਕਾ ਹਾਦਸੇ ਦੀ ਪੇਸ਼ੀਨ ਗੋਈ ਕਰਦਾ ਏ
ਕਿ ਜ਼ਖ਼ਮ ਦੀ ਰੁੱਤ ਪੁਰਾਣੀ ਦਾਸਤਾਂ ਹਾਉਕਿਆਂ ਦੀ ਜੂਨ ਹੰਢਾਵੇਗੀ
ਪਰਿੰਦਗਲ ਰਾਹ ਗੁਜ਼ੀਆਂ ਲਈ ਸੀਸ ਤੇ ਤਲੀ ਦਾ ਤੋਰੇ ਤਾਜ਼ਾ ਨਹੀਂ
ਇਹ ਤਾਂ ਰੁਤ ਦੇ ਗਰਭ ਵਿਚੋਂ ਪਹਿਲਾਂ ਹੀ ਉਠੇ ਹੋ ਚੁੱਕਿਆ ਹੈ
ਜ਼ਖ਼ਮ ਤੇ ਮੌਤ ਦੇ ਸੋਗ ਸੁਲਿਹੇ ਦੁਰਕੇ ਇਕੋ ਗੀਤ ਵਿੱਚ ਇਕਲਾਹੀ ਵਾਰਤਾਲਾਪ ਨਹੀਂ ਕਰਨਗੇ
ਸਗੋਂ ਹਜੂਮ ਵਿੱਚ ਨਚਦੇ ਨਟਵਰ ਦੀ ਰੱਸੀ ਦੇ ਭਾਗੀ ਬਣਣਗੇ
ਤੇ ਹੁਣ ਅੱਖ ਵਿਚੋਂ ਉੱਗਿਆ ਜ਼ਖ਼ਮ ਖਾਦਾਰਗੀ ਦਾ ਕੂਰਕ ਕਿੰਨ ਵਣ ਖਲੋਇਆ ਏ
ਜਿਸੇ ਇਸੇ ਲਈ ਮੈਂ ਆਪਣੇ ਵਜੂਦ ਨੂੰ ਦੋ ਸਮਾਨਅੰਤਰ ਭਾਗਾਂ 'ਚ ਨਿਖੇੜਿਆ ਏ
ਵਾਦੀਆਂ ਸਿਰੜੀ ਪੌਣਾਂ ਦੀ ਆਪਣੀ ਮਰਜ਼ੀ ਏ - ਮੇਰਾ ਧੜ ਲੈ ਲੈਣ
ਜਾਂ ਹੱਥ ਰੇਖਾਵਾਂ ਉੱਤੇ ਟਿਕਿਆ ਤੁਪਕੇਦਾ ਖੋਪਰ
ਮੈਂ ਤਾਂ ਆਪਣੇ ਆਪ ਤੋਂ ਜੁਦਾ ਹੋ ਗਿਆ ਹਾਂ
ਤੇ ਜ਼ਖ਼ਮ ਨੂੰ ਉਹਦੀ ਬੇਸ਼ਰਮੀ ਦੀ ਆਖਰੀ ਦੁਆ ਸਲਾਮ ਕਰਦਾ ਹਾਂ।

●

# ਇਕਬਾਲ ਰਾਮੂਵਾਲੀਆ

## 1. ਘਰਾਂ ਨੂੰ ਪਰਤ ਜਾਈਏ

ਏਸ ਤੋਂ ਪਹਿਲਾਂ
ਕਿ ਸਿਓਂ ਦੀਆਂ ਫਾੜੀਆਂ ਨੇ ਛਿਲੀਆਂ ਉਂਗਲਾਂ
ਧੋਤੇ ਦਸਤਾਨਿਆਂ 'ਚ ਮੁਸ਼ਕ ਉੱਠਣ
ਤੇ ਜੀਭਾਂ 'ਚ ਖੁਰ ਜਾਵਣ
ਬੀਅਰ ਦੀ ਜੰਮੀ ਹੋਈ ਝੱਗ ਦੀਆਂ ਕਿਰਚਾਂ
ਤੇ ਬਰਫ਼ ਦੇ ਮਾਰੂਥਲ ਵਿੱਚ ਤਿੜਕ ਜਾਏ
ਆਪਣੀ ਮੁਸਕਰਾਉਂਦੀ ਸਹਿਕਣੀ ਦਾ ਆਖ਼ਰੀ ਹਉਕਾ
ਚਲੋ ਘਰਾਂ ਨੂੰ ਪਰਤ ਜਾਈਏ !

ਆਪਣੇ ਜਾਣੀ ਤਾਂ ਆਪਾਂ
ਦਾਤੀਆਂ, ਕਹੀਆਂ, ਦੁਰਮਟਾਂ, ਤਸਲਿਆਂ ਦੀਆਂ
ਦਲਦਲਾਂ ਨੂੰ ਮੁਣਕ ਆਏ ਸਾਂ,
ਫੁੱਟਪਾਥਾਂ ਤੇ ਉਭਰਦੀ
ਭੀੜ ਦੀ ਢੇਰੀ ਵਿਚੋਂ ਖਿਸਕ ਆਏ ਸਾਂ,
ਕਿਸੇ ਵਿਧ ਨਿਕਲ ਆਏ ਸਾਂ
ਆਪਣੀ ਹੀ ਜ਼ਿੰਦਗੀ ਦੇ ਜਾਗਦੇ ਮਲਬੇ ਹੇਠੋਂ !
ਪਰ ਕੀ ਪਤਾ ਸੀ ਏਥੇ ਵੀ ਤਾਂ
ਫੈਕਟਰੀਆਂ ਇਮਾਰਤਾਂ 'ਚ ਤਰਤੀਬੇ ਹੋਏ
ਲੋਹੇ ਦੇ ਜੰਗਲ ਸ਼ੂਕਦੇ ਨੇ,
ਜਿਨ੍ਹਾਂ ਵਿਚ ਠਿਦਮਚੀ ਹੈ
ਖੁਰਪੇ ਦੀ ਖੁਰਚ ਖੁਰਚ ਦੀ
ਜ਼ਰਬੀ ਹੋਈ ਬੁੜਬੁੜਾਹਟ!
ਏਥੇ ਵੀ ਲੋਹੇ ਦੇ ਬਿਰਛਾਂ ਨੂੰ ਸਿੰਜਦੀ ਹੈ
ਨੱਕ ਤੋਂ ਚੋਂਦੀ, ਪਸੀਨੇ ਦੀ, ਉਹ ਜ਼ੇਡੀ ਤਤੀਹਰੀ।
ਏਥੇ ਵੀ ਤਾਂ ਆਤਮਾ ਤੇ ਜਿਸਮ ਭੁਰ ਭੁਰ
ਬੈਂਕ ਦੇ ਖਾਤੇ 'ਚ ਢੇਰੀ ਹੋ ਰਹੇ ਨੇ!

ਏਸ ਤੋਂ ਪਹਿਲਾਂ ਕਿ ਰਹਿ ਜਾਈਏ
ਖੁਸ਼ਕ ਬੱਦਲਾਂ 'ਚ ਅਲੋਪ ਹੁੰਦੀ
ਬੰਡੋਰ ਪਤੰਗ ਦਾ ਖਿੜਕਦਾ ਫ਼ਾਉਲਾ,
ਤਲਾ ਵਿੱਚ ਡੋਲਦੀ ਲੱਕੜ ਦੀ ਬੱਤਖ ਦੀ ਬੇਜਾਨ ਤਾਰੀ,
ਫ਼ਟਕਣੀ ਦੇ ਖੂੰਡੇ 'ਚੋਂ ਆਉਂਦੀ
ਬੁੱਢੀ ਕੁਕੜੀ ਦੀ ਤਲਖ਼ ਕੁੜ ਕੁੜ
ਚਲੋ, ਘਰਾਂ ਨੂੰ ਪਰਤ ਜਾਈਏ !
●

## 2. ਮਾਂ

ਜੁਆਨੀ 'ਚ ਮਾਂ ਪੀਹਣ ਛੱਟਦੀ ਰਹੀ
ਚੱਕੀ ਦੇ ਪੁੜਾਂ 'ਚ ਜੋਬਨ ਦਾ ਸਿਖਰ ਪੀਂਹਦੀ ਰਹੀ,
ਚੁੱਲ੍ਹੇ 'ਚ ਬਾਲਦੀ ਰਹੀ
ਕਦੇ ਵੀ ਨਾਂ ਮੌਲੀਆਂ ਖਾਹਸ਼ਾਂ ਦਾ ਬਾਲਣ,
ਅਤੇ ਮੁੜ੍ਹਕੇ 'ਚ ਉੱਬਲਦੀਆਂ ਛਾਤੀਆਂ 'ਚ ਹੀ
ਫਟ ਗਿਆ ਦੁੱਧ
ਮੈਨੂੰ ਤੇ ਮੇਰੇ ਭਰਾਵਾਂ ਨੂੰ ਚੁੰਘੌਂਦੀ ਰਹੀ!

ਤੇ ਹੁਣ ਪੰਦਰ੍ਹਵੀਂ ਸੋਲ੍ਹਵੀਂ ਛੱਤ ਤੇ ਟੰਗੀ
ਉਹ ਪੂਰੀ ਦਿਹਾੜੀ ਇਕੱਲ ਰਿੜਕਦੀ ਹੈ
ਗੁਦਗੁਦੇ ਸੋਫ਼ੇ ਦਾ ਅਕੇਵਾਂ ਚੁੱਪਚਾਪ ਨਿਗਲਦੀ ਹੈ,
ਮਿੱਲਾਂ 'ਚ ਲਗਾਤਾਰ ਮਨਫ਼ੀ ਹੁੰਦੀ ਪੁੱਤ ਦੀ ਜੁਆਨੀ ਦਾ
ਤੇ ਨੂੰਹ ਦੀਆਂ ਅਣਛੂੰਹੀਆਂ ਛਾਤੀਆਂ 'ਚ
ਸੁੱਕ ਗਏ ਦੁੱਧ ਦਾ ਲੇਖਾ ਜੋਖਾ ਕਰਦੀ ਹੈ,
ਆਪਣੇ ਤੇ ਪੋਤਿਆਂ ਵਿਚਕਾਰ
ਰੋਜ਼ ਫੈਲਦੇ ਟੈਲੀਵਿਜ਼ਨ ਦੇ ਜ਼ਖ਼ਮ ਨੂੰ ਸਿਣਦੀ ਹੈ,
ਤੇ ਮੁੰਜ ਦੀਆਂ ਪੀਹੜੀਆਂ ਉਦਾਲੇ ਉੱਗੇ ਮੋਹ ਦੀ ਛਾਂ
ਨੂੰ ਤਰਸਦੀ ਹੈ,
ਇੰਞ ਮਾਂ ਵਿਚਾਰੀ,
ਲਗਾਤਾਰ ਇੱਕ ਅਣਿਸਦੇ ਕਤਲ 'ਚੋਂ ਗੁਜ਼ਰਦੀ ਹੈ।
●●

# ਸੁਖਿੰਦਰ

## 1. ਮੇਰੀ ਕਲਪਨਾ ਦੇ ਦਰਵਾਜ਼ੇ
( ਸੁਰਿੰਦਰ ਧੰਜਲ ਦੇ ਨਾਮ )

ਸੱਪ ਦੀ ਤੋਰ ਵਾਂਗ
ਵਲ ਖਾਂਦੇ ਰਾਹ
'ਤੇ ਇਨ੍ਹਾਂ ਉਤੇ ਵਿਛੀ
ਸ਼ੀਸ਼ੇ ਜਿਹੀ ਤਿਲਕਣ
ਤੇਰੀ ਉਸ ਹਨ੍ਹੇਰੀ ਕੋਠੜੀ ਤੱਕ
ਪਹੁੰਚਣ ਤੋਂ ਪਹਿਲਾਂ ਸਰ ਕਰਨੇ ਪੈਂਦੇ

ਮੈਂ ਇਕ ਭਟਕੇ ਰਾਹੀ ਦੇ ਵਾਂਗ
ਉਨ੍ਹਾਂ ਵੱਡੇ ਦਰਵਾਜ਼ਿਆਂ ਦੇ ਬਾਹਰ
ਖੜ੍ਹਾ ਸੋਚਦਾ ਸਾਂ: ਜ਼ਿੰਦਗੀ ਜਿਹੀ
ਤੂੰ ਇਕ ਗੁੰਝਲ
ਆਖ਼ਰ ਇਕ ਦਿਨ
ਹੌਲੀ ਹੌਲੀ
ਪਰਤ ਦਰ ਪਰਤ
ਖੁਲ੍ਹ ਜਾਵੇਂਗੀ ...
ਤੇ ਫਿਰ,
ਕਿਸੀ ਜਾਦੂਮਈ ਕ੍ਰਿਸ਼ਮੇ ਦੇ ਵਾਂਗ
ਉਹ ਬੂਹੇ ਖੁਲ੍ਹ ਗਏ
ਮੈਂ ਹੌਲੀ ਹੌਲੀ
ਰੰਗਾਂ ਦੀ ਇਕ ਦੁਨੀਆਂ 'ਚ ਪਹੁੰਚਿਆ:

ਕਿਤੇ ਕੋਲੀ ਜਲ ਰਹੀ ਮੋਮਬੱਤੀ
ਕਿਤੇ ਧੂੜ ਦਾ ਲੱਦਿਆ ਕੋਈ ਸਾਜ਼
ਕਿਤੇ ਘੁੰਗਰੂਆਂ ਦੀ ਛਣਕਾਰ
ਕਿਤੇ ਬਲੌਰੀ ਹਾਸੇ
ਕਿਤੇ ਅਤਰ, ਗੁਲਾਬ, ਸੰਦਲ ਦੀ ਮਹਿਕ
ਕਿਤੇ ਅਧਨੰਗੇ ਜਿਸਮ
ਜੋ ਕੰਦਰਾਂ 'ਚ ਲੁਕੇ ਜੋਗੀ ਨੂੰ
ਬਲਾਂ ਤੇ ਮੌਜ਼ ਲੈਣ
ਕਿਤੇ ਕੰਧਾਂ ਤੇ ਲੱਗੇ ਚਿਤਰ
ਮੇਰੀ ਰੂਹ ਨੂੰ ਨਸ਼ਿਆ ਰਹੇ

ਇੱਕ ਨੀਮ ਬੇਹੋਸ਼ੀ ਦੀ ਹਾਲਤ ਵਿੱਚ

ਮੈਂ ਇੱਕ ਸ਼ਬਦ ਕਿੰਨੀ ਹੀ ਵੇਰ ਸੁਣਿਆਂ
ਸੁਖਿੰਦਰ
ਸੁਖਿੰਦਰ
ਸੁਖਿੰਦਰ
ਤੇ ਮੈਨੂੰ ਜਾਪਿਆ,
ਜਿਵੇਂ ਕੋਈ ਮੈਨੂੰ ਬੁਲਾ ਰਿਹਾ ਹੋਵੇ

ਆਪਣੇ ਆਪੇ ਨੂੰ ਭੁੱਲ
ਮੈਂ ਜਲ ਰਹੀ ਮੋਮਬੱਤੀ ਨੂੰ ਤੱਕ ਕੇ ਆਖਿਆ:
ਮੈਨੂੰ ਜਲ ਰਹੀ ਮੋਮਬੱਤੀ 'ਤੇ ਹੱਥ ਰੱਖਣ ਦਿਓ
ਮੈਂ ਮਿੱਤਰ ਕੁੜੀ ਦਾ ਚਿਹਰਾ ਦੇਖਣਾ ਹੈ
ਇਕ ਕੋਨੇ 'ਚੋਂ
ਮਧੁਰ ਆਵਾਜ਼ ਆਈ:
ਏਨਾ ਭਾਵੁਕ ਨਾ ਹੋ
ਤੇਰੇ ਵਿੱਚ
ਵੈਨ ਗਾਗ ਦੀ ਰੂਹ
ਪਰਤ ਆਈ ਹੈ

ਮੈਂ ਮੁੜ ਆਖਿਆ: ਮੈਂ ਆਪਣਾ ਨਾਮ
ਕਾਗ਼ਜ਼ ਦੇ ਟੁਕੜੇ ਤੇ ਲਿਖ
ਹਵਾ ਨੂੰ ਦੇ ਦਿਆਂਗਾ
ਮੈਂ ਸਦਾ ਲਈ
ਗੁੰਮ ਜਾਣਾ ਚਾਹੁੰਦਾ ਹਾਂ

ਰੰਗਾਂ ਦੀ ਇਸ ਦੁਨੀਆਂ 'ਚ
ਇੱਕ ਧੀਮੀ ਸੁਰ ਮੁੜ ਸਰਸਰਾਈ:

ਐਵੇਂ ਕਿਸੀ
ਰੋਮਾਂਸ ਦਾ
ਪਾਤਰ ਨ ਬਣ
ਇਸ ਬੁਤਾਂ ਦੇ ਯੁਗ 'ਚ
ਕੌਣ ਰੂਹ ਦੀ ਗੱਲ ਨੂੰ ਪਹਿਚਾਣਦਾ

ਮੈਂ ਆਪਣੇ ਆਪਨੂੰ ਆਵਾਜ਼ ਮਾਰੀ
ਚੱਲ ਇਸ ਜਾਦੂਮਈ ਹਵਾ 'ਚੋਂ ਨਿਕਲ ਚਲ
ਚੱਲ, ਇਸ ਲਹਿਰ ਤੋਂ
ਇੱਕ ਬਿੰਦੂ 'ਚ ਸਿਮਟ ਜਾ

ਚੱਲ, ਉਨ੍ਹਾਂ ਸੱਪ ਦੀ ਤੋਰ ਵਾਂਗ
ਵਲ ਖਾਂਦੇ ਰਾਹਾਂ ਤੋਂ ਪਰਤ ਚੱਲ
ਇਸ ਹਨੇਰੀ ਕੋਠੜੀ ਦੇ ਬਾਹਰ ਵੀ
ਤੇਰਾ ਸੰਸਾਰ ਹੈ
ਜਿਥੇ ਕੜਕਦੀ ਧੁੱਪ
ਬੀਆਬਾਨ ਜੰਗਲ
ਕਾਲਾ ਸਮੁੰਦਰ
ਅਤੇ ਅੰਗਿਆਰ ਵਾਂਗੂੰ
ਭਖ਼ਦੀ ਸੜਕ
ਤੇਰੇ ਲਈ ਪਸਰੇ ਪਏ –

ਮੇਰੇ ਹੋਠ, ਏਨਾਂ ਹੀ ਕਹਿ
ਬਰਫ਼ ਵਾਂਗੂੰ ਜੰਮ ਗਏ

ਬਰਫ਼, ਜੋ ਕਮਰੇ ਦੇ ਅੰਦਰ ਵੀ ਹੈ
ਕਮਰੇ ਦੇ ਬਾਹਰ ਵੀ।

●

## 2. ਵਿਲਕਣ ਇੱਕ ਸੱਚੀ ਆਤਮਾ ਦੀ

ਬੀਚ 'ਤੇ ਧੁੱਪ ਸੇਕਦੀਆਂ
ਮੱਛੀਆਂ ਨੂੰ ਤੱਕ
ਇੱਕ ਮਗਰਮੱਛ ਨੇ
ਪਹਾੜ ਜਿੱਡਾ ਹੰਝੂ ਦਾ ਟੇਪਾ ਸੁੱਟਿਆ:

ਇਹ ਕੇਹੇ ਭੈੜੇ ਸਮੇਂ ਨੇ
ਸਮੁੰਦਰ 'ਚ ਖਾਣ ਨੂੰ ਕੁਝ ਵੀ ਨਹੀਂ ਰਿਹਾ

ਤੇ ਮੁੜ, ਉਹ ਜ਼ਾਰ ਜ਼ਾਰ ਰੋ ਪਿਆ:

ਮੇਰੀਆਂ ਸੁੱਕ ਰਹੀਆਂ ਅੰਤੜੀਆਂ ਵੱਲ ਵੇਖੋ
ਮੇਰੇ ਜਬਾੜੇ ਅੰਨ ਨੂੰ ਤਰਸ ਗਏ ਨੇ
ਪਰ ਰੱਬ ਦੀ ਸਹੁੰ
ਮੈਂ ਨਿੱਤ ਦਿਨ
ਨਿਰਣੇ ਕਾਲਜੇ ਅਰਦਾਸ ਕਰਦਾ ਹਾਂ:

ਪਰਵਰਦਿਗਾਰ! ਹੇ ਪ੍ਰਭੂ! ਹੇ ਈਸ਼ਵਰ
ਤੂੰ ਇੰਨ੍ਹਾਂ ਨਿੱਕੇ ਨਿੱਕੇ ਜੀਵਾਂ ਲਈ
ਸਮੁੰਦਰ 'ਚ ਕੁਝ ਨਾ ਕੁਝ ਜ਼ਰੂਰ ਭੇਜ
ਤਾਂ ਜੁ ਅਸੀਂ
ਸਭ ਸੁਖੀ ਪਰਵਾਰ ਵਾਂਗੂੰ ਜੀਵੀਏ

ਤੇ ਇਹ ਕਹਿੰਦਿਆਂ, ਉਸਦੀਆਂ ਅੱਖਾਂ 'ਚੋਂ
ਪਾਣੀ ਧਾਰ ਬਣਕੇ ਵਹਿ ਪਿਆ

ਬਿਜਲੀ ਦੀ ਗਰਜ ਵਾਂਗੂੰ
ਚਾਰੇ ਪਾਸੇ, ਖਲਾ 'ਚ
ਇੱਕ ਗੈਬੀ ਹਾਸਾ ਗੂੰਜਿਆ

ਤੂੰ ਤਾਂ ਇੱਕ ਸੱਚੀ ਆਤਮਾ ਹੈਂ
ਤਾਂ ਹੀ ਤਾਂ ਅਸੀਂ, ਰੂਣੇ
ਇੱਕ ਵਿਲਕਣ ਸੁਣੀ ਹੈ।

●●

## ਸੁਖ਼ਵੰਤ ਹੁੰਦਲ

### ਆਪਣੀ ਪਤਨੀ ਨੂੰ

ਮੈਂ ਜਦੋਂ ਵੀ ਤੈਥੋਂ ਦੂਰ ਹੁੰਦਾ ਹਾਂ
ਤੂੰ ਪੂਰੀ ਦੀ ਪੂਰੀ ਮੇਰੀਆਂ
ਅੱਖਾਂ ਵਿਚ ਹੁੰਦੀ ਹੈਂ।
ਜੀਅ ਬੜਾ ਕਰਦਾ ਹੈ
ਤੇਰੇ ਨਿੱਕੇ ਨਿੱਕੇ, ਬੱਚਿਆਂ ਵਰਗੇ
ਹੱਥਾਂ ਨੂੰ ਆਪਣੇ ਹੱਥਾਂ 'ਚ ਲੈ ਘੁੱਟਾਂ
ਤੇਰੀਆਂ ਅੱਖਾਂ ਵਿਚ ਤਕਦਾ
ਕੋਈ ਗੱਲ ਕਰਾਂ, ਕੋਈ ਗੱਲ ਸੁਣਾਂ।
ਨਿੱਘੀ ਗਲਵੱਕੜੀ 'ਚ ਲੈ
ਤੇਰੇ ਹੋਠਾਂ ਤੇ ਮੁਹੱਬਤ ਜੜ ਦੇਵਾਂ।

ਪਰ ਸੁਫਾ ਦਾ ਗਿਆ ਮੈਂ
ਅੱਧੀ ਰਾਤ ਪਰਤਦਾ ਹਾਂ
ਅੱਖਾਂ ਵਿੱਚ ਤੂੰ ਨਹੀਂ, ਨੀਂਦ ਹੁੰਦੀ ਹੈ।
ਤੇਰੇ ਬੋਲ ਸੁਨਣਾ ਚਾਹੁੰਦੇ ਕੰਨ
ਸੌਣ ਲਈ ਖਾਮੋਸ਼ੀ ਚਾਹੁੰਦੇ ਹਨ।

ਹੱਥਾਂ ਨੂੰ ਘੁੱਟਣਾ ਲੋਚਦੇ ਹੱਥ
ਅਲਾਰਮ ਸੈੱਟ ਕਰਦੇ ਹਨ
ਬਿਸਤਰ 'ਚ ਪੈ ਤੈਨੂੰ ਮਹਿਸੂਸ
ਕਰਨਾ ਚਾਹੁੰਦਾ ਹਾਂ
ਅਲਾਰਮ ਖੜਕਣ ਤੱਕ
ਆਪਣਾ ਹੀ ਪਤਾ ਨਹੀਂ ਹੁੰਦਾ

ਅਗਲੀ ਸਵੇਰ ਚਾਹ ਪਿਲਾ
ਤੂੰ ਮੈਨੂੰ ਤੋਰਦੀ ਹੈਂ
ਤੇਰੀਆਂ ਅੱਖਾਂ 'ਚ
ਇੱਕ ਗਿਲਾ ਹੁੰਦਾ ਹੈ।
ਮੈਂ ਉਸਨੂੰ ਅਣਗੌਲਦਾ
ਫਿਰ ਨਿਕਲ ਜਾਂਦਾ ਹਾਂ।

ਘਰੋਂ ਨਿਕਲਣ ਤੋਂ ਬਾਅਦ
ਤੇਰੀਆਂ ਅੱਖਾਂ 'ਚ ਤਰਦਾ ਗਿਲ੍ਹਾ
ਮੇਰੀ ਹਿੱਕ 'ਚ ਵਜਦਾ ਹੈ
ਤਦ ਮੈਂ ਫ਼ੈਸਲਾ ਕਰਦਾ ਹਾਂ:
ਸਭ ਕੁਝ ਛੱਡ ਛੁਡਾ
ਘਰ ਪਰਤ ਆਵਾਂ
ਤੇਰੀਆਂ ਅੱਖਾਂ 'ਚ ਤੱਕਾਂ
ਤੇਰੇ ਹੱਥਾਂ ਨੂੰ ਘੁੱਟਾਂ
ਕੁਝ ਤੈਥੋਂ ਸੁਣਾਂ ਕੁਝ ਕਹਾਂ।
ਪਰ ਤੈਨੂੰ ਪਤਾ ਹੀ ਹੈ
ਏਥੋਂ ਦੀ ਜ਼ਿੰਦਗੀ 'ਚ
ਬੜੀਆਂ ਜ਼ਰੂਰੀ ਲੋੜਾਂ:
ਲੱਕੜ ਦਾ ਘਰ
ਜਿਸ 'ਚ ਜਾਗਦਾ ਹੋਇਆ
ਮੈਂ ਕਦੇ ਨਹੀਂ ਰਿਹਾ
ਟੀ.ਵੀ. ਜਿਸਨੂੰ ਵੇਖਿਆਂ
ਉਨੀਂਦੀਆਂ ਅੱਖਾਂ ਹੋਰ
ਭਾਰੀਆਂ ਹੋ ਜਾਂਦੀਆਂ ਹਨ
ਘਰ ਵਿੱਚ ਵਿਛਿਆ ਰੱਗ
ਜਿਸ ਬਾਰੇ ਮੈਨੂੰ ਨਹੀਂ ਪਤਾ
ਉਹ ਕਿੰਨਾ ਕੁ ਗੁਦਗੁਦਾ ਹੈ
ਆ ਅੱਗੇ ਖੜ੍ਹੀਆਂ ਹਨ
ਤੇ ਮੈਂ
ਤੇਰੇ ਗਿਲ੍ਹੇ ਦੀ ਪੀੜ ਜਰਦਾ
ਫ਼ੈਸਲਾ ਬਦਲ ਦਿੰਦਾ ਹਾਂ...
●

---

## ਜਦੋਂ ਤੁਹਾਡਾ ਪਤਾ ਬਦਲੇ

ਕਿਰਪਾ ਕਰਕੇ ਆਪਣਾ:
i) ਨਵਾਂ ਪਤਾ
ii) ਫਿੱਟ ਨੰਬਰ
iii) ਪੋਸਟਲ ਕੋਡ ਨੰਬਰ
iv) ਟੈਲੀਫ਼ੋਨ ਨੰਬਰ
ਸਾਨੂੰ ਭੇਜੋ।



# ਸੰਤੋਖ ਢੀਨਾਂ

## 1. ਤੇਰਾ ਨਾਮ

ਮੈਂ ਤੇਰਾ ਕਾਗਜ਼ ਤੇ
ਲਿਖ ਲੈਂਦਾ ਹਾਂ ਨਾਮ
ਅਤੇ ਅੱਗੋਂ ਆਪਣਾ ਹੱਕ ਜਾਣਕੇ
ਚੁੱਕ ਲੈਂਦਾ ਹਾਂ ਉਸ ਕਾਗਜ਼ ਨੂੰ।
ਫੜ ਲੈਂਦਾ ਹਾਂ ਘੁੱਟਕੇ
ਤੇਰੀ ਤਸਵੀਰ ਸਮਝਕੇ।
ਉਸ ਕਾਗਜ਼ ਦੇ ਟੁਕੜੇ ਉੱਤੇ
ਲਿਖੇ ਦੋ ਲਫ਼ਜ਼
ਮੁੜ ਤਸਵੀਰ ਦੀ
ਮੈਨੂੰ ਤੇਰੀ ਹੋਂਦ ਲਗਦੇ ਨੇਂ
ਹੋਸ਼ ਆਉਣ ਤੇ ਤਕਦਾ ਹਾਂ
ਕਿ ਅੱਖੀਆਂ 'ਚੋਂ ਅੱਥਰੂ ਵਗਦੇ ਨੇਂ...

ਇਹ ਇੱਕ ਦਿਨ ਦਾ
ਤਾਂ ਕੰਮ ਨਹੀਂ
ਮੇਰੀ ਆਦਤ ਬਣ ਚੁੱਕੀ ਏ
ਇੰਝ ਹੀ ਤਾਂ ਮੈਂ
ਇਹ ਜ਼ਿੰਦਗੀ ਗਿੜਕਦਿਆਂ ਕੱਢਦਾਂ।
ਤੇਰੀ ਯਾਦ ਨੂੰ ਪੱਲੇ ਬੰਨ੍ਹ ਕੇ
ਗੰਢ ਦਿੰਦਾ ਹਾਂ ਘੁੱਟਕੇ
ਕਿਤੇ ਭੁੱਲ ਨਾਂ ਜਾਵਾਂ
ਇਸ ਫ਼ਰਜ਼ ਨੂੰ...
ਕਿ ਮੈਂ ਜੀ ਰਿਹਾ ਹਾਂ
ਤੇਰੀ ਖ਼ਾਤਰ...
ਅਤੇ ਆਪਣੇ ਕੋਸੇ ਹੰਝੂ
ਪੀ ਰਿਹਾ ਹਾਂ
ਤੇਰੀ ਖ਼ਾਤਰ...

ਇਹ ਵੀ ਸੱਚ ਹੈ ਕਿ ਮੇਰਾ
ਜਦੋਂ ਜੀ ਮਰਨ ਨੂੰ ਕਰਦਾ
ਤਾਂ ਮੈਂ...
ਫਿਰ ਉਸ ਗੰਢ ਨੂੰ ਤਕਦਾਂ
ਫਰਜ਼ ਨੂੰ ਚੇਤੇ ਕਰਦਾਂ
ਉਸੀ ਤਰ੍ਹਾਂ ਮੁੜ ਡੁਬਦਾ ਹਾਂ
ਉਨ੍ਹਾਂ ਹੀ ਵਹਿਣਾਂ 'ਚ
ਤੇਰਾ ਫਿਰ ਨਾਮ ਲਿਖਦਾ ਹਾਂ
ਤੇਰੀ ਤਸਵੀਰ ਗਲ ਲਗਾਕੇ
ਜੀਣ ਦਾ ਸਬਕ ਸਿਖਦਾ ਹਾਂ...

ਇਸ਼ਕ ਤੇ ਪਿਆਰ ਹੋ ਗਏ
ਬੀਤੇ ਸਮੇਂ ਦੀਆਂ ਗੱਲਾਂ
ਜਦੋਂ ਉਸ ਸਮੇਂ ਨੂੰ ਤਕਦਾਂ
ਡੁੱਬ ਜਾਂਦਾ ਹਾਂ ਡੂੰਘੇ ਵਹਿਣਾਂ 'ਚ
ਅਤੇ ਭੂਤਕਾਲ ਦੇ ਇਤਿਹਾਸ ਨੂੰ
ਜਦੋਂ ਮੁੜ ਫਰੋਲਦਾ ਹਾਂ
ਮਾਨੋਂ ਕਿ ਡੁੱਬੀ ਹੋਈ
ਕੋਈ ਸੁਰਾਹੀ ਟੋਲਦਾ ਹਾਂ...

ਪਰ ਸੱਜਣੀ!
ਮੇਰੀ ਆਸ ਨਹੀਂ ਡੁੱਬੀ
ਅਤੇ ਨਾਂ ਹੀ ਉਹ
ਗੰਢ ਖੁੱਲ੍ਹੀ ਏ

ਬਾਕੀ ਦਿਨਾਂ ਨੂੰ ਮੈਂ ਇੰਝ ਗਿਣਦਾਂ...
ਜਿਵੇਂ ਕੋਈ ਜਾਪ ਕਰਦਾ ਏ।
ਅਤੇ ਭਗਤੀ 'ਚ ਡੁੱਬਿਆ ਕੋਈ
ਤਪੱਸਵੀ ਇਕ ਧਿਆਨ ਕਰਦਾ ਏ।
ਐਨਾਂ ਦੂਰ ਹੁੰਦੀ ਵੀ
ਤੂੰ ਮੇਰੇ ਕੋਲ ਰਹਿੰਨੀ ਏਂ
ਮੇਰੇ ਉੱਠਣ ਨਾਲ ਉੱਠਦੀ ਏਂ
ਅਤੇ ਬੈਠਣ ਨਾਲ ਬਹਿੰਨੀ ਏਂ...

ਜੋ ਮੇਰੇ ਜਿਗਰ ਦੇ ਟੁਕੜੇ
ਅੱਖਾਂ ਦੀ ਲੋਅ ਨੇ ਇਹ ਤਾਂ
ਇਹ ਦੋਨੋਂ ਹੱਥ ਨੇ ਮੇਰੇ
ਅਤੇ ਦੋਨੋਂ ਮੇਰੀਆਂ ਲੱਤਾਂ
ਇਨ੍ਹਾਂ ਬਿਨ ਮੈਂ ਅੰਗ-ਹੀਣ ਹਾਂ
ਅਤੇ ਨੇਤਰਹੀਣ ਹਾਂ ਅਭਾਗਾ
ਪਰ ਮੈਂ ਸਮਝਦਾਂ ਕਿ
ਕਿਸੇ ਹਸਪਤਾਲ 'ਚ ਪਿਆ
ਕਰ ਰਿਹਾ ਹਾਂ ਇਲਾਜ ਆਪਣਾ
ਸਮਾਂ ਆਉਣ ਤੇ ਆਪੇ
ਮੇਰੇ ਅੰਗ ਚੱਲਣਗੇ
ਅਤੇ ਜੋਤ ਮੁੜ ਆਊ।
ਜਦੋਂ ਬਾਹਵਾਂ 'ਚ ਘੁੱਟਾਂਗਾ
ਦੋ ਲਾਡਲੇ ਮੋਤੀ ਆਪਣੇ
ਉਨ੍ਹਾਂ ਦੀ ਛੋਹ ਨਾਲ ਹੀ
ਮੇਰਾ ਟੁੱਟਾ ਹਰ ਅੰਗ ਜੁੜ ਜਾਊ...।
●

## 2. ਬਿਰਹਨ

ਮਾਏ ਨੀ! ਮੈਂ ਤੇਰੇ ਬਾਝੋਂ
ਹੋਰ ਕਿਹੜੇ ਦਰ ਜਾਵਾਂ।
ਟੁੱਟੀ-ਬਿਰਤੀ ਝੂਠੀ ਰੂਹ ਨੂੰ
ਦੱਸ ਕਿਹੜੇ ਲੜ ਲਾਵਾਂ।
ਸੋਚ ਮੇਰੀ ਦਾ ਪੰਛੀ ਬੋਲੇ
ਮਾਵਾਂ ਠੰਢੀਆਂ ਛਾਵਾਂ।
ਮੈਂ ਕੁਕਰਮੀ ਵਿਧਵਾ ਵਾਂਗੂੰ
ਅਣ-ਅਰਥੀ ਮਨ-ਬਚਨੀ ਗਾਵਾਂ।
ਸੱਜਰੇ ਹਾਣ ਨੂੰ ਜੱਗ ਇਹ ਲੋਚੇ,
ਮੈਂ ਸਾਜਨ ਬਿਨ ਸੋਗ ਮਨਾਵਾਂ।
ਹੱਡਾਂ ਦਾ ਬਾਲਣ ਧੁੱਖਦੀ ਰੂਹ ਨੂੰ
ਬਿਰਹਾ ਦੇ ਪਾਟੇ ਬਸਤਰ ਪਾਵਾਂ।
ਮੈਂ ਨਿਮਾਣੀ ਅਭਾਗਣ ਬਿਰਹਨ,
ਰੁੱਖੜਾ ਇੱਕ ਬਿਨ-ਫੱਲ, ਬਿਨ-ਛਾਵਾਂ।
●●

## ਸਾਧੂ

### ਤੇਰ੍ਹਵੇਂ ਵਰ੍ਹੇ ਦੇ ਨਾਂ

ਸੱਚਮੁੱਚ ਤੂੰ ਕਹਿੰਦਾ ਹੋਵੇਂਗਾ
ਖਬਰੇ ਕਿਹੜੀ ਮਿੱਟੀ ਦਾ ਬਣਿਆਂ ਬੇਸ਼ਰਮ ਮਨੁੱਖ ਹੈ
ਤੇਰ੍ਹਾਂ ਵਰ੍ਹੇ ਲੂਣ ਖਾ ਕੇ ਵੀ ਮੇਰਾ ਨਹੀਂ ਹੋਇਆ
ਮੇਰੀ ਮਿੱਟੀ 'ਚੋਂ ਭਾਰ ਵਧਾ
ਪੇਕਿਆਂ ਦੇ ਨਿੱਤ ਗੀਤ ਗਾਉਂਦਾ ਹੈ
ਪਰ ਤੇਰ੍ਹਾਂ ਵਰ੍ਹਿਆਂ ਬਾਅਦ ਵੀ ਪਤਾ ਨਹੀਂ ਲਗਦਾ
ਆਪਣੇ ਰਿਸ਼ਤੇ ਨੂੰ ਕੀ ਨਾਂ ਦੇਈਏ
ਤੂੰ ਬਹੁ ਰੂਟਾਂ ਤੋਂ ਸੌਂਹਣੀ ਉਸ ਮਤਰੇਈ ਵਾਂਗ ਏਂ
ਜਿਹੜੀ ਸੁਨੱਖੇ ਤੇ ਭਰਵੇਂ ਚਿਹਰੇ ਵੱਲ ਦੇਖ ਮਾਂ ਕਹਿਣ ਨੂੰ ਦਿਲ ਕਰੇ
ਪਰ ਨਿੱਤ ਦੇ ਧੱਕਿਆਂ ਤੋਂ ਸਤਿਆ: ਮਨ ਸਿਰਫ਼ ਚੁੱਪ ਜਿਹੀ ਇੱਕ ਗਾਲ੍ਹ ਕੱਢੇ

ਮੈਂ ਸੋਚਿਆ ਸੀ ਤੇਰੀ ਬੋਲੀ ਸਿੱਖਣ ਬਾਅਦ
ਸ਼ਾਇਦ ਆਪਣੀ ਸਾਂਝ ਵਧੇਗੀ
ਪਰ ਇੱਕ ਦਿਨ ਇੱਕ ਮੇਰ-ਅੱਧ ਨਾਲ ਲੱਥੀ ਪੱਥੀ
ਇੰਗਲੈਂਡ ਦੀ ਮੋਟੀ ਰਾਣੀ-ਮਾਂ ਵਰਗੀ ਔਰਤ ਮਿਲੀ
'ਦੋ ਸੌ ਸਾਲ ਪਹਿਲਾਂ ਉਹਦੇ ਦਾਦੇ-ਪੜਦਾਦੇ ਇੱਥੇ ਆਏ ਸਨ
ਉਨ੍ਹਾਂ ਇਹ ਦੇਸ ਬਣਾਇਆ ਹੈ ਤੇ ਇਹ ਉਹਦਾ ਦੇਸ ਹੈ'
ਉਹਨੇ ਮੈਨੂੰ ਇਹ ਸਭ ਕੁਝ ਦੱਸਿਆ
ਤੇ ਦੱਸਿਆ ਵੀ ਠੁੱਕ ਅੰਗਰੇਜ਼ੀ ਮੁਹਾਵਰੇ 'ਚ
ਉਹ ਬੋਲਦੀ ਸੀ ਜਿਵੇਂ ਲੰਡਨ ਦੇ ਕਿਸੇ ਟੁੱਟੇ ਭੱਜੇ ਪੱਬ 'ਚੋਂ
ਸਾਰੀ ਉਮਰ ਬਾਹਰ ਨਾ ਗਈ ਹੋਵੇ

ਤੇ ਮੈਨੂੰ ਫੇਰ ਤੇਰੇ ਬਾਰੇ ਸ਼ੱਕਾਂ ਨੇ ਆ ਘੇਰਿਆ
ਤੇਰੀ ਬੋਲੀ ਕਿਹੜੀ ਹੈ ? ਤੇਰੇ ਲੋਕ ਕੌਣ ਹਨ ?

ਮੈਂ ਜਦ ਵੀ ਤੇਰੀ ਵੱਲ ਸਨੇਹ ਨਾਲ ਦੇਖਦਾਂ
ਗੁੱਸੇ ਤੇ ਨਿਰਾਸਤਾ ਨਾਲ ਭਰ ਜਾਂਦਾ ਹਾਂ
ਤੂੰ ਉਸ ਹੁਸੀਨ ਔਰਤ ਵਾਂਗ ਏਂ
ਜੋ ਸਿਰਫ਼ ਸ਼ੌਕ ਲਈ ਆਪਣੀ ਪੱਤ ਲੁਟਾ ਰਹੀ ਹੋਵੇ
ਤੈਨੂੰ ਤਾਂ ਮੰਡੀ 'ਚ ਵੇਸਵਾਵਾਂ ਵਾਂਗ ਪੂਰਾ ਮੁੱਲ ਵੀ ਮੰਗਣਾ ਨਹੀਂ ਆਉਂਦਾ
ਤੂੰ ਖਬਰੇ ਕਿਹੜੀ ਚਿੰਟੀ ਰਾਤੇ
ਨਿਊਯਾਰਕੀਆਂ ਨੂੰ ਆਪਣਾ ਕਹਿ ਬੈਠੀ –
(ਪਰ ਤੇਰੀ ਕਹੀਏ ਜਾਂ ਕਮ-ਅਕਲੀ ?
ਅਜੇ ਪਹਿਲੇ ਖ਼ਸਮ ਨੂੰ ਤਲਾਕ ਨਹੀਂ ਦਿੱਤਾ
ਉਹਦੀਆਂ ਰਾਣੀਆਂ ਤੇ ਰਾਜਕੁਮਾਰ
ਤੇਰੀਆਂ ਅਖ਼ਬਾਰਾਂ ਦੀਆਂ ਸੁਰਖੀਆਂ ਤੇ ਤਸਵੀਰਾਂ 'ਚ ਰੋਜ਼ ਹੁੰਦੇ ਹਨ।)
ਤੇਰੇ ਆਪਣੇ ਸਰੀਰ ਦੇ ਨੱਬੇ ਹਿੱਸੇ ਉਨ੍ਹਾਂ ਦੀ ਮਾਲਕੀ ਹਨ
ਤੇ ਬਾਕੀ ਦੇ ਬਚਦੇ ਦਸ ਤੂੰ ਹਰ ਵਕਤ ਲੁਟਾਣ ਨੂੰ ਤਿਆਰ ਏਂ
ਤੇਰੀ ਇਸ ਲੁਟਾਣ ਦੀ ਆਦਤ ਨੂੰ ਮਾਣ ਨਾਲ ਆਜ਼ਾਦ-ਵਪਾਰ ਕਿਹਾ ਜਾਂਦਾ ਹੈ

ਤੇਰੀ ਹਾਲਤ ਬੜੀ ਤਰਸਯੋਗ ਹੈ ਅਸਲ ਵਿੱਚ
ਤੇਰਾ ਗੁਆਂਢੀ ਮਾਲਕ ਤੇਰੀ ਕੋਈ ਪੇਸ਼ ਨਹੀਂ ਜਾਣ ਦਿੰਦਾ
ਤੇਰੇ ਆਪਣੇ ਕਲਾਕਾਰ, ਸਾਹਿਤਕਾਰ, ਸ਼ਾਇਰ ਵਿਚਾਰੇ
ਬੇਬੱਸ ਦੇਖਦੇ ਹਨ ਘਰਾਂ 'ਚ ਖੜਦੌਲ ਪਾਉਂਦੇ ਗੁਆਂਢੀਆਂ ਦੇ ਕੰਜਰਵਾਦ ਨੂੰ
ਇੰਨ੍ਹਾਂ ਬਕਸਿਆਂ 'ਚ ਰੁੜ੍ਹੇ ਕਾਰਟੂਨਾਂ ਨੂੰ ਮੇਰਾ ਜਦ ਪੁੱਤ ਦੇਖਦਾ ਹੈ
ਤਾਂ ਉਹਨੂੰ ਸਾਡੇ ਇੰਡੀਅਨ (ਨੇਟਿਵ) ਹੂਕਾਂ ਮਾਰਨ ਵਾਲੇ ਹੀ ਦਿਸਦੇ ਹਨ
ਉਹਨੂੰ ਕੌਣ ਦੱਸੇਗਾ ਚੀਫ਼ ਤਕੁਮਸੇ ਦੀ ਕਥਾ ?
ਤੇ ਕੌਣ ਸੁਣਾਏਗਾ ਚੀਫ਼ ਡੈਨ ਜਾਰਜ ਦੀ ਰੂਹ ਦੇ ਪਾਣੀ ਵਰਗੀ ਸਾਫ਼ ਕਵਿਤਾ?
ਇੰਨ੍ਹਾਂ ਹੀ ਕਾਰਟੂਨਾਂ ਨੂੰ ਦੇਖਕੇ ਉਹ ਮੈਥੋਂ ਪੁਛਦਾ ਹੈ
ਡੈਡੀ ਕੀ ਤੂੰ ਵੀ ਬੀਨ ਵਜਾ ਕੇ ਰੱਸਾ ਖੜ੍ਹਾ ਕਰ ਸਕਦਾ ਏ ?
ਤੂੰ ਹੀ ਦੱਸ ਮੈਂ ਆਪਣੇ ਬੱਚੇ ਨੂੰ ਕੀ ਕਹਾਂ
ਮੇਰਾ ਤਾਂ ਗੁੱਸਾ ਤੇਰੇ 'ਤੇ ਬਣਦਾ ਹੈ।

ਤੇ ਮੇਰੇ ਨਾਲ ਕੰਮ ਕਰਦੇ ਮੇਰੇ ਵੀਰ ਮਜ਼ਦੂਰ
ਜਿਹੜੇ ਯੂਨੀਅਨ 'ਚ ਪੂਰਾ ਵਿਸ਼ਵਾਸ ਰੱਖਦੇ ਹਨ
ਤੇ ਆਪਣੇ ਹੱਕਾਂ ਲਈ ਲੜਨੋਂ ਵੀ ਨਹੀਂ ਡਰਦੇ
ਪਰ ਉਨ੍ਹਾਂ ਦੇ ਆਪਣੇ ਇਤਿਹਾਸ ਵਿਰੁੱਧ
ਉਨ੍ਹਾਂ ਦੇ ਕੰਨਾਂ ਵਿੱਚ ਸਿੱਕਾ ਢਾਲਿਆ ਗਿਆ ਹੈ
ਕਿਸਨੂੰ ਪਤਾ ਹੈ
ਕਿ ਯੂਨੀਅਨਾਂ ਦੇ ਜਨਮ ਵੇਲੇ ਏਥੇ ਵੀ ਖ਼ੂਨ ਵਗਿਆ ਸੀ?
ਵਿਨੀਪੈੱਗ ਦੀ ਵੱਡੀ ਜਨਰਲ ਹੜਤਾਲ ਜਿਵੇਂ ਕਿਸੇ ਹੋਰ ਦੇਸ਼ ਦੀ ਘਟਨਾ ਹੋਵੇ
ਉਨ੍ਹਾਂ ਨੂੰ ਇਕੋ ਸਬਕ ਪੜ੍ਹਾਇਆ ਗਿਆ ਹੈ:
ਯੂਨੀਅਨ ਦੀਆਂ ਸਰਗਰਮੀਆਂ ਤੋਂ ਸਿਆਸਤ ਨੂੰ ਦੂਰ ਰੱਖਣਾ
ਅਸਲ ਦੇਸ਼-ਭਗਤੀ ਹੈ
ਮੈਂ ਜਦ ਵੀ ਇਹ ਸੁਣਦਾ ਹਾਂ
ਮੈਨੂੰ ਨਿਊਯਾਰਕ ਦੀਆਂ ਉਚੀਆਂ ਇਮਾਰਤਾਂ
ਵੱਡੇ ਵੱਡੇ ਕੰਨਾਂ ਵਾਲੀਆਂ ਤੇ ਡਰਾਉਣੀਆਂ ਅੱਖਾਂ ਵਾਲੀਆਂ
ਚੁੜੇਲਾਂ ਜਾਪਦੀਆਂ ਹਨ
ਤੇ ਉਹਨਾਂ 'ਚੋਂ ਖਚਰਾ ਹਾਸਾ ਗੂੰਜਦਾ ਸੁਣਦਾ ਹੈ।

ਮੇਰੇ ਨਾਲ ਕੰਮ ਕਰਨ ਵਾਲੇ ਮਜ਼ਦੂਰ ਵੀ
ਕਾਰਟੂਨਾਂ ਤੋਂ ਸਿੱਖੇ ਜਾਪਦੇ ਹਨ ਸਭ ਕੁਝ
ਦਰਅਸਲ ਉਤੇ ਮੇਰੇ ਨਾਲ ਕੰਮ ਕਰਨ ਬਾਅਦ ਵੀ
ਕਈਆਂ ਨੂੰ ਸ਼ੱਕ ਹੈ ਕਿ ਮੈਂ ਐਵੇਂ ਜਾਣਕੇ ਹੀ
ਸੱਪ ਕੀਲਣ ਦੀ ਜਾਚ ਨਹੀਂ ਦਸਦਾ
ਇਕ ਹੋਰ ਆਦਤ ਬੜੀ ਭੈੜੀ ਹੈ ਉਹਨਾਂ ਦੀ
ਜਿਵੇਂ ਪਿੰਡ ਲੰਬੜਾਂ ਦੇ ਮੁੰਡਿਆਂ ਦੀ ਹੁੰਦੀ ਹੈ
ਉਹ ਮੇਰੇ ਦੇਸ ਭੇਸ ਤੇ ਰੰਗ ਬਾਰੇ ਚੁਟਕਲਾ ਸੁਣਾ
ਯਾਰੀ ਦੋਸਤੀ ਦੇ ਨਾਂ ਥੱਲੇ ਮੌਜ ਕਰਦੇ ਹਨ:
ਮੈਂ ਉਹਨਾਂ ਦੇ ਨਾਲ ਹੱਸਾਂ
ਹੁਣ ਤੂੰ ਹੀ ਦੱਸ ਕੈਨੇਡਿਆ, ਛਲੇਡਿਆ
ਕਿੱਦਾਂ ਹੱਸਾਂ ਮੈਂ ਉਹਨਾਂ ਨਾਲ ?

ਤੇ ਛਲੇਡਾ ਮੈਂ ਤੈਨੂੰ ਮਹਿਜ਼ ਤੁਕਬੰਦੀ ਕਰਕੇ ਨਹੀਂ ਕਿਹਾ
ਤੂੰ ਸੱਚਮੁੱਚ ਉਹ ਘਟੂਆ ਏਂ
ਜੋ ਜੇਬੀ 'ਚ ਪਾਇਆਂ ਸੱਪ ਬਣ ਜਾਂਦਾ ਏਂ
ਤੂੰ ਉਹ ਛਲਾ ਏਂ ਜੋ ਚਾਨਣੀ ਰਾਤੇ
ਸੁਹਾਗੇ ਹੋਏ ਖ਼ੇਤ ਦੇ ਦੂਜੇ ਸਿਰੇ ਸਿਣਮਿਣਾਉਂਦਾ ਏਂ
ਪਰ ਉਸ ਸਿਰੇ ਗਿਆਂ ਫਿਰ ਤੇਰੀ ਆਵਾਜ਼
ਦੂਜੇ ਸਿਰਿਉਂ ਆਉਂਦੀ ਏ
ਤੇ ਤੈਨੂੰ ਫੜਨ ਦੀ ਖ਼ਾਤਿਰ 'ਚ
ਵੈਨਕੂਵਰੋਂ ਮਾਂਟਰੀਅਲ ਤੇ ਮਾਂਟਰੀਅਲੋਂ ਵੈਨਕੂਵਰ
ਚੱਕਰ ਲਾਏ ਹਨ
ਪਰ ਤੂੰ ਅਜੇ ਤੱਕ ਹੱਥ ਨਹੀਂ ਆਇਆ।

ਕਹਿੰਦੇ ਹੁੰਦੇ ਆ ਬੂਅ ਵਾਲੇ ਥਾਂ ਲਗਾਤਾਰ ਰਹਿਣ ਨਾਲ
ਬੂਅ ਆਉਣੋਂ ਹਟ ਜਾਂਦੀ ਹੈ
ਪਰ ਮੇਰੇ 'ਤੇ ਅਜੇ ਇਹ ਅਸਰ ਨਹੀਂ ਹੋਇਆ
ਮੈਨੂੰ ਤਾਂ ਅਜੇ ਵੀ ਆਲੇ ਦੁਆਲੇ 'ਚੋਂ
ਸਾਮਰਾਜ ਦੀ ਸੜੀ ਬੂਅ ਆਉਂਦੀ ਹੈ
ਜੀਹਦਾ ਤਾਂ ਹੁੰਦਾ ਹੀ ਹੈ
ਉਂਞ ਮਰਜ਼ੀ ਦੇ ਖ਼ਿਲਾਫ਼ ਕਈ ਕੁਝ ਕਰਨ ਕਰਕੇ
ਸੁਭਾਅ ਬੜਾ ਸ਼ੱਕੀ ਤੇ ਚਿੜਚਿੜਾ ਹੋ ਗਿਆ
ਜਦ ਰੋਆਇਲ ਬੈਂਕ 'ਚੋਂ ਚੈੱਕ ਕੈਸ਼ ਕਰਾਕੇ ਮੁੜਦਾਂ
ਤਾਂ ਨੋਟਾਂ 'ਚੋਂ ਸਟੀਵ ਬੀਕੋ ਦੇ ਗਰਮ ਖ਼ੂਨ ਦੀ

ਤਿੱਖੀ ਹਵਾੜ੍ਹ ਆਉਂਦੀ ਹੈ
ਮੈਂ ਜਦ ਵੀ ਤੇਰੇ 'ਸੇਫ਼ਵੇ' 'ਚ ਗਰੋਸਰੀ ਲੈਣ ਜਾਂਦਾਂ
ਮੈਨੂੰ ਲੈਟਸ ਤੋਂ ਲੈਕੇ ਸੰਗਤਰਿਆਂ ਤੱਕ–
ਸਭ 'ਚੋਂ ਉਸ ਮੁੜ੍ਹਕੇ ਦੀ ਬੂਅ ਆਉਂਦੀ ਹੈ
ਜਿਹਦਾ ਪੂਰਾ ਮੁੱਲ ਨਹੀਂ ਮੋੜਿਆ ਗਿਆ
ਬੀ.ਸੀ. ਤੋਂ ਲੈਕੇ ਫਲੋਰਿਡਾ ਤੱਕ ਗਰੀਬ ਖ਼ੇਤ-ਮਜ਼ਦੂਰਾਂ-
'ਗ਼ੈਰ-ਕਾਨੂੰਨੀ' ਕੰਮ ਕਰਦੇ
ਕਾਲੀ ਪੰਜਾਹ ਲੱਖ ਮੈਕਸੀਕਨ ਕਾਮਿਆਂ ਦਾ ਮੁੜ੍ਹਕਾ ਹੈ ਇੰਨ੍ਹਾਂ ਵਿੱਚ
ਤੇਰੇ ਨਿਊਯਾਰਕੀਏ ਸ਼ਾਹਾਂ ਦੀਆਂ ਵੀ ਕੀ ਬਾਤਾਂ
ਜੇ ਚਾਹੁਣ ਤਾਂ ਪੰਛੀ ਨਾ ਲੰਘਣ ਦੇਣ ਹੱਦ ਉਤੋਂ
ਪਰ 'ਕਿਸੇ ਤਰ੍ਹਾਂ' ਪੰਜਾਹ ਲੱਖ ਮੈਕਸੀਕਨ
ਫ਼ਾਰਮਾਂ 'ਚ ਕੰਮ ਕਰਨ ਲਈ ਚੋਰੀ ਲੰਘ ਜਾਂਦਾ ਹੈ।
'ਆਜ਼ਾਦ ਮੁਲਕ ਦੀਆਂ ਹੱਦਾਂ ਤੇ ਕੌਣ ਰਾਖੀਆਂ ਕਰਦੈ'

ਤੇਰੇ 'ਆਜ਼ਾਦ' ਮੁਲਕ ਦੀ 'ਆਜ਼ਾਦੀ'
ਮੰਡੀ 'ਚ ਪਏ ਹਦਵਾਣਿਆਂ ਵਾਂਗ ਹੈ
ਜਿੰਨੇ ਵੱਧ ਜੇਬੀ 'ਚ ਪੈਸੇ ਉਨਾਂ ਵੱਡਾ ਹਦਵਾਣਾ
ਤੇ ਜਦੋਂ ਬਹੁਤੇ ਜਣੇ ਸਿਰਫ਼ ਛੋਟੇ ਹਦਵਾਣੇ ਹੀ
ਖਰੀਦਣ ਜੋਗੇ ਰਹਿ ਜਾਣ
ਮੰਡੀ 'ਚ ਤੂਫ਼ਾਨ ਆਉਣ ਦਾ ਡਰ ਹੁੰਦਾ ਹੈ
ਇਸੇ ਲਈ ਕਿਸੇ ਆਉਣ ਵਾਲੇ ਖ਼ਤਰੇ ਨੂੰ ਭਾਸਦਿਆਂ
ਤੇਰੇ ਹਲਕ ਨਿਊਯਾਰਕੀਏ ਸ਼ਾਹਾਂ ਭੇਜੇ ਹਨ ਕੂ ਕਲੱਕਸ ਕਲੈਨ
ਤੇ ਨਾਲ ਹੀ ਉਹਨਾਂ ਟੇਪ ਕਰਕੇ ਭੇਜਿਆ ਹੈ ਆਜ਼ਾਦੀ ਦਾ ਗੀਤ
ਜਦ ਵੀ ਕੋਈ ਕਲੈਨ ਦੀ ਸ਼ਕਾਇਤ ਕਰਦਾ ਹੈ
ਲੰਬੜਦਾਰਾਂ ਦੀ ਹਵੇਲੀ ਟੇਪ ਬੋਲਦੀ ਹੈ
ਆਜ਼ਾਦੀ ਹੈ ਬੋਲਣ ਦੀ ਹਰ ਕਿਸੇ ਨੂੰ-ਆਜ਼ਾਦੀ ਹੈ...
ਹੁਣ ਸ਼ਾਇਦ ਕਿਸੇ ਹੋਣ ਵਾਲੇ ਜਲਸੇ ਤੋਂ ਪਹਿਲਾਂ
ਮਾਈਕ ਤੇ ਕੋਈ ਬੋਲ ਰਿਹਾ ਹੈ:
ਹੈਲੋ, ਹੈਲੋ, ਟੈਸਟਿੰਗ, ਟੈਸਟਿੰਗ
ਅਜੇ 'ਟੈਸਟਿੰਗ' ਹੈ-ਅਜੇ ਕਾਰਟੇਲ ਬੰਬ ਹੀ ਸੁੱਟੇ ਜਾ ਰਹੇ ਹਨ
ਇਹ ਬੰਬ ਘਰ ਦੇ ਅੰਦਰ ਜਾਂ ਘਰ ਦੇ ਬਾਹਰ ਹੀ ਨਹੀਂ ਫਟਦੇ
ਮੇਰੇ ਅੰਦਰ ਬਾਹਰ ਵੀ ਫਟਦੇ ਹਨ
ਮੈਂ ਆਪਣੇ ਸਰੀਰ ਨੂੰ ਖੱਖੜੀਆਂ ਹੋਣੋਂ ਬਚਾਵਾਂ
ਕਿ ਤੇਰੇ ਆਰੇ ਗਲ ਲੱਗਾਂ ਕੈਨੇਡਿਆ?

ਇਹ ਠੀਕ ਹੈ ਕਿ ਹੁਣ ਮੈਂ ਅੱਗੇ ਨਾਲੋਂ ਚੰਗੇਰਾ ਖਾਂਦਾ ਹਾਂ
ਵੇਲੀਆਂ ਦੀ ਕੰਨੀ ਵਾਂਗ ਪਿੰਡ ਵੀ ਲਮਕਦਾ ਰਹਿੰਦਾ ਹੈ
ਕਦੀ ਅਮਰੀਕਨ ਤੇ ਕਦੀ ਜਾਪਾਨੀ ਕਾਰਾਂ 'ਚ ਘੁੰਮਦਾ ਹਾਂ
(ਮੈਨੂੰ ਤਾਂ ਕੈਨੇਡੀਅਨ ਕਾਰ 'ਚ ਬਹਿਣ 'ਚ ਵੀ ਕੋਈ ਇਤਰਾਜ਼ ਨਹੀਂ
ਪਰ ਇੱਥੇ ਤਾਂ ਸੰਜੇ ਗਾਂਧੀ ਵਾਲੀਆਂ ਮਾਰੂਤੀ ਹੀ ਬਣਦੀਆਂ ਹਨ)
ਇਹਨਾਂ ਕਾਰਾਂ ਦੀ ਖਾਧੀ ਹੋਈ ਹਵਾ 'ਚ ਸਾਹ ਲੈ ਕੇ
ਸਰੀਰ ਰੋਗੀ ਹੋਇਆ ਹੈ
ਰਹਿਣੀ ਤੇ ਸੋਚਣੀ ਦੇ ਆਪਸੀ ਵਿਰੋਧ 'ਚ
ਸਿਰ ਦਾ ਬੁਰਾ ਹਾਲ ਹੋਇਆ ਹੈ
ਹੁਣ ਇੰਨੇ ਵਰ੍ਹੇ ਲੰਘ ਜਾਣ ਬਾਅਦ ਵੀ ਸਮਝ ਨਹੀਂ ਆਉਂਦੀ
ਤੈਨੂੰ ਕਿਵੇਂ ਸੰਬੋਧਨ ਹੋਵਾਂ
ਤੈਨੂੰ ਆਪਣਾ ਕਹਿਣ ਲਈ ਅੰਦਰੋਂ ਇੱਕ ਖ਼ਾਹਿਸ਼ ਜਨਮਦੀ ਹੈ
ਪਰ ਨਾਲ ਹੀ ਤੇਰੇ ਲਈ ਚੁੱਪ ਜਿਹੀ ਇੱਕ ਗਾਲ੍ਹ ਜਨਮਦੀ ਹੈ।



## ਸੂਫ਼ੀ ਅਮਰਜੀਤ

### ਤੇਰਾ ਸਦਾਚਾਰ

ਸਭ ਤੋਂ ਵੱਡਾ 'ਸੱਚ' ਹੈ
ਹੋਰ ਸਭ ਸੱਚੋਂ ਉਰੇ
ਸੱਚੋਂ ਉਰੇ ਹੈ ਦੂਜੇ ਥਾਂ ਤੇ
ਉਹ ਹੈ ਸਦਾਚਾਰ
ਸੁਣਿਆਂ ਮੈਂ ਹੈ ਮੇਰੇ ਯਾਰ

ਤੇਰੀ ਖੁਰਦਬੀਨੀ
ਦੂਰਬੀਨੀ ਅੱਖ
ਤੈਨੂੰ ਨਾ ਜਿਸ 'ਤੇ
ਕੋਈ ਸ਼ੱਕ
ਸਦਾਚਾਰ ਦੀ ਇਹ ਦੀਆਂ
ਤਹਿਆਂ 'ਚੋਂ ਲੰਘਦੀ
ਉਸਦੀ ਚੀਰ ਫਾੜ ਕਰਦੀ
ਆਪਣੇ ਹੀ ਰੰਗ ਦੀ
ਆਪਣੇ ਹੀ ਢੰਗ ਦੀ

ਤੂੰ ਆਪਣੀ ਅੱਖ ਦੇ ਨਾਲ
ਜੋਖਦੈਂ ਤੇ ਜਾਚਦੈਂ
ਅਤੇ ਫਿਰ ਹੈਂ ਆਖਦੈਂ
ਉਹ ਪਖੰਡੀ
ਉਹ ਨਿਕੰਮਾ
ਉਹ ਹੈ ਭੁੱਖਾ ਚੌਧਰਾਂ ਦਾ
ਉਸ ਮੂਰਖ ਨੂੰ ਭੁਲੇਖਾ
ਸਭ ਤੋਂ ਸਿਆਣਾ ਹੋਣ ਦਾ
ਛਤਰੈਂ, ਏਦਾਂ ਵਿਸ਼ੇਸ਼ਣ ਬੇਸ਼ੁਮਾਰ
ਤੇ ਖ਼ੁਲਾਸੇ ਖੋਲਦੈਂ
ਕੀ ਹੈ ਹੁੰਦਾ ਸਦਾਚਾਰ?

ਕੱਲ੍ਹ ਰਿਹਾ ਸੀ
ਤੇਰਾ ਨਿਗਦਾ ਯਾਰ ਇਕ
ਤੇਰਾ ਸਿਰ ਉਹ ਛਤਰਧਾਰੀ ਹੋ ਗਿਆ।
ਹਉਮੈਂ, ਸ਼ੇਖੀ, ਝੂਠ ਨੇ
ਤੇਰਾ ਦਵਾਲਾ ਕੱਢਿਆ
ਸੱਚ ਨੂੰ ਤੂੰ
ਖੌਰੇ ਕਿੱਥੇ ਦੱਬਿਆ?
ਤੇ ਮਕਾਏ
'ਸਦਾਚਾਰੀ-ਦੋਸਤਾਂ' ਨੂੰ ਸੱਦਿਆ।

ਆਖਦੇ ਉਹ
ਸਦਾਚਾਰ ਤੇਰਾ
ਬਨਾਉਟੀ ਫੁੱਲ ਵਰਗਾ ਹੋ ਗਿਆ
ਇਹ ਤਾਂ ਤੂੰ ਵੀ ਜਾਣਦੈਂ
ਕਿ ਬਨਾਉਟੀ ਫੁੱਲ ਵਿੱਚ
ਹੁਣ ਸੁਗੰਧੀ ਵੀ ਬਨਾਉਟੀ
ਆਮ ਹੀ ਮਿਲਦੀ ਹੈ ਯਾਰ
ਇਸ ਤਰ੍ਹਾਂ ਦਾ ਤੇਰਾ
ਹੁਣ ਹੈ ਸਦਾਚਾਰ
ਦੱਸਦਾ ਹੈ
ਇੱਕ ਤੇਰਾ ਜ਼ੋਟੀਦਾਰ।

# ਸੁਰਜੀਤ ਕਲਸੀ

## ♀ ਮਾਸ ਦੀਆਂ ਪੁਤਲੀਆਂ

ਮੱਥੇ ਉੱਤੇ ਸੁਰਾਖ਼ ਹੈ ਕਾਲਖ਼ ਦਾ ਭਰਿਆ
ਨਾਰੀ ਹੋਣ ਦਾ ਤਸੀਹਾ ਸਦੀਆਂ ਤੋਂ ਜਰਿਆ॥
ਧੁਰ ਤੋਂ ਹੀ ਦਸਦੇ ਰਹੇ ਸਾਨੂੰ ਕਾਲਖ਼ ਦੀਆਂ ਪੁਤਲੀਆਂ
ਸਾਡੇ ਸਿਰਾਂ, ਹੱਥਾਂ ਤੇ ਪੈਰਾਂ ਉੱਤੇ ਬੰਨ੍ਹ ਰਖੀਆਂ ਡੋਰੀਆਂ॥
ਪੈਰ ਹਿਲਾਣਾ ਚਾਹੇ ਜਦ, ਪੈਰ ਦੀ ਡੋਰੀ ਖਿਚ ਦੇਵੇ
ਹੱਥ ਹਿਲਾਣਾ ਚਾਹੇ ਜਦ, ਹੱਥ ਦੀ ਡੋਰੀ ਖਿਚ ਦੇਵੇ
ਖਿਚ ਕੇ ਡੋਰ ਸਿਰ ਦੀ, ਨਾਂ ਕਰਦਾ ਨਹੀਂ ਭਾਂਵੇ ਹਾਂ
ਡੋਰ ਆਦਮ ਦੇ ਹੱਥ ਅਸੀਂ ਮਾਸ ਦੀਆਂ ਪੁਤਲੀਆਂ॥
ਮਾਂ, ਭੈਣ ਦੀਆਂ ਮੂਰਤੀਆਂ
ਕਦੀ ਗਊ ਕਦੀ ਦੇਵੀ ਦਾ ਰੋਲ ਖਿਡਾਇਆ॥
ਪਤਨੀ ਨੂੰ ਮਾਸ ਦੀ ਗੁੱਡੀ, ਝਾੜੂ, ਜਾਂ ਜੁੱਤੀ ਸਮਝ
ਚਾਰਦੀਵਾਰੀ ਦੇ ਕਿਸੇ ਖੂੰਜੇ ਪਟਕਾਇਆ॥
ਔਰਤ ਦੀ ਹੋਂਦ ਨਿਜੀ ਸਿਰਲੇਖ ਚਾਹ
ਅਬਲਾ ਨੂੰ ਕਦੀ ਮਜ਼ਦੂਰਨ, ਗੋਲੀ ਦਾਸੀ
ਕਦੀ ਮੇਨਕਾ ਜਾਂ ਵੇਸਵਾ ਦੇ ਕਿੱਤੇ ਲਾਇਆ॥

ਰਹੀ ਤਰਿਜੀਵ ਦੇ ਲੰਮੇ ਬਿਖੜੇ ਸਫ਼ਰ ਦੀ ਨਿਰੰਤਰ ਸਾਥਣ
ਫਿਰ ਵੀ ਕਦੀ ਨਾ ਔਰਤ ਨੂੰ ਇਕ ਵਿਅਕਤੀ ਸਮਝ ਅਪਨਾਇਆ॥

ਦ੍ਰਿਸ਼ ਹੁਣ ਹੁਣ ਬਦਲ ਗਿਆ ਹੈ:
ਦੂਰ ਤੱਕ ਦਿਸਹੱਦੇ ਤੋਂ ਪਾਰ ਪਿਛਲੇ ਪਾਸੇ
ਇਕ ਚਾਨਣ ਦਾ ਜਲੌ ਹੈ, ਰੋਸ਼ਨੀ ਹੈ
ਬਲ ਰਹੀ ਹੈ ਪਰੰਪਰਾ ਦੀ ਚਿੱਖਾ
ਜਾਂ ਨਾਰੀ ਦੇ ਮਸਤਕ ਦਾ ਨੂਰ ਹੈ॥
ਜ਼ਾਲਮ ਦੇ ਕਠੋਰ ਹੱਥਾਂ ਉੱਤੇ
ਮਾਤਰੀ ਹੱਥਾਂ ਦੀਆਂ ਨਸਾਂ ਉਭਰ ਆਈਆਂ ਹਨ
ਉਸ ਦਾ ਮੱਥਾ: ਪਿਤਰੀ ਮਸਤਕ ਦੀ ਉਤਰੀ ਰਗ
ਕ੍ਰੋਧੀ ਰਾਂਬੇ ਨਾਲ ਕਲਮ ਕੀਤਾ ਹੈ॥
ਆਪਣੇ ਹੀ ਰੌਦਰ ਵਿਚ ਬੌਖਲਾਏ
ਮੋਮ ਵਾਂਗ ਪੰਘਰਦੇ ਹੱਥਾਂ ਵਿਚੋਂ
ਛੁਟਕ ਗਈਆਂ ਸਭੇ ਡੋਰੀਆਂ
ਲੁੜਕ ਕੇ ਡਿਗ ਚੁਕੀਆਂ ਸਭੇ ਪੁਤਲੀਆਂ॥

ਸਦੀਆਂ ਦੀ ਕੰਡਿਆਲੀ ਵਾੜ ਨਾਲ
ਛਲਨੀ ਨੇ ਪੈਰਾਂ ਦੀਆਂ ਤਲੀਆਂ ਅਜੇ॥
ਮੱਥੇ ਦਾ ਸੁਰਾਖ਼ ਬਾਕੀ ਹੈ ਅਜੇ
ਹੱਥ-ਤਲੀਆਂ ਉੱਤੇ ਲਾਸਾਂ ਹਨ ਬਾਕੀ ਅਜੇ॥
ਨੀਲੇ-ਕਾਸ਼ਨੀ ਜ਼ਖ਼ਮਾਂ ਦੇ ਨਿਸ਼ਾਨ ਤੇ
ਦਿਲਾਂ ਦੇ ਰਿਸਦੇ ਨਾਸੂਰ ਹਨ ਬਾਕੀ ਅਜੇ॥
ਛਾਲਿਆਂ ਦੀ ਰੜਕ ਤੇ ਕੰਡਿਆਂ ਦੀ ਚੀਸ ਵੀ ਹੈ
ਜ਼ਹਿਰੀ ਬੋਲਾਂ ਦਾ ਡੰਗ ਵੀ ਹੈ ਬਾਕੀ ਅਜੇ॥
ਸੋਚਾਂ ਦੀ ਪੀੜ ਉੱਤੇ ਬੇਬਸੀ ਭਾਰੀ ਹੈ ਅਜੇ
ਵਿਸਮਤ ਹੈ ਵਿਚ ਬਾਉਰਾਈ ਨਾਰੀ ਹੈ ਅਜੇ॥

ਮਿੱਟੀ ਵਿਚ ਰੁਲਦੀ ਪੈਰਾਂ ਹੇਠ ਲਿਤਾੜੀ
ਚੁਕੀ ਹੈ ਆਪਣੀ ਹੋਂਦ ਅਸਾਂ॥
ਖਿਲਰੇ ਟੁਕੜੇ ਜ਼ਿਹਨ ਦੇ ਕਰ ਇਕੱਠੇ
ਚਿਤਵੀ ਹੈ ਹੁਣ ਸਵੈ-ਸੋਚ ਅਸਾਂ॥
ਪਾੜ ਕੇ ਪਰੰਪਰਾ ਦੇ ਵਰਕੇ ਖਸਤਾ
ਲਿਖਣਾ ਹੈ ਸੁਢੋਂ ਇਤਿਹਾਸ ਨਵਾਂ॥
ਸਦੀਆਂ ਦੇ ਦੁੱਖਾਂ ਦਾ ਹਿਸਾਬ ਤਾਂ ਕਰਨਾ ਹੈ ਹੁਣ॥
ਜ਼ਹਿਰੀ ਸੂਲਾਂ ਨੂੰ ਦਿਲੋ-ਦਿਮਾਗ਼ ਤੋਂ ਚੁਣਨਾ ਹੈ ਹੁਣ॥
ਅਗਨੀ-ਪ੍ਰੀਖਿਆ ਵਿਚੋਂ ਨੰਗੇ ਪੈਰੀਂ ਗੁਜ਼ਰਨਾ ਹੈ ਹੁਣ॥
ਸੁੰਨ-ਚੇਤਨਾ ਨੂੰ ਜਿਵਾਉਣ ਦਾ ਤਸੀਹਾ ਤਾਂ ਜਰਨਾ ਹੈ ਹੁਣ॥

•

## ਇਕ ਦ੍ਰਿਸ਼

ਆਦਿ ਮਸਤਕ ਹੈ ਤੇ ਹੁਣ ਉਸ ਦਾ ਪਸਾਰ॥
ਹੱਡ ਮਾਸ ਦੇ ਪੁਤਲੇ ਨੇ
ਆਪਣੀ ਸੰਵੇਦਨਾ ਦਾ ਵਿਸਥਾਰ ਕਰਦਿਆਂ
ਆਦਿਵਾਸੀ ਤੋਂ ਮਕਾਨਕੀ ਤੇ ਫਿਰ ਬਿਜਲਈ
ਤੇ ਹੁਣ ਪ੍ਰਮਾਣੂ ਸਫ਼ਰ ਤੈਅ ਕਰਦਿਆਂ
ਆਪਣੇ ਵਿਵੇਕ ਦੇ ਹਰ ਇਕ ਤੰਤੂ ਦਾ
ਬ੍ਰਹਿਮੰਡ ਵਿਚ ਸੁਰ ਸੰਚਾਰ ਕਰਦਿਆਂ
ਆਖ਼ਰ ਕੀ ਸਿਰਜਿਆ?
ਆਪਣੀ ਹੀ ਤਬਾਹੀ ਦਾ ਸਾਮਾਨ॥
ਖ਼ੁਦਕੁਸ਼ੀ ਕਰਨ ਦਾ ਵਸੀਲਾ॥
ਸੁਣਿਆ ਸੀ ਜਾਨਵਰ ਵੀ ਆਪਣੀ ਨਸਲ ਨੂੰ
ਤਬਾਹ ਨਹੀਂ ਹੋਣ ਦੇਂਦੇ, ਸ਼ੇਰ ਨੂੰ ਸ਼ੇਰ ਨਹੀਂ ਖਾਂਦਾ॥
ਪਰ ਆਦਮ ਪਤਾ ਨਹੀਂ ਕਿਸ ਮਿੱਟੀ ਦਾ ਘੜਿਆ ਹੈ
ਆਪਣੀ ਹੀ ਤਬਾਹੀ ਤੇ ਤੁਲਿਆ ਬੈਠਾ ਹੈ॥

ਹੁਣ ਤਾਂ ਸਿਰਫ਼ ਇਕ ਇਸ਼ਾਰੇ ਦੇ ਰਹਿਮ ਤੇ
ਲਟਕ ਰਿਹਾ ਹੈ ਅਮਨ ਦਾ ਵਜੂਦ
ਤੇ ਅਸੀਂ ਦੁੱਧ ਪੀਂਦੇ ਬੱਚਿਆਂ ਵਾਂਗ
ਕਿਸੇ ਆਣਡਿੱਠ ਪਰਲੋ ਤੋਂ ਬੇਖ਼ਬਰ
ਰੰਗਾਂ, ਨਸਲਾਂ, ਫ਼ਿਰਕਿਆਂ ਵੈਰ ਵਿਰੋਧਾਂ
ਨਿਕੰਮੀਆਂ ਨਿਗੂਣੀਆਂ ਗੱਲਾਂ ਤੋਂ
ਇਕ ਦੂਜੇ ਦਾ ਸਿਰ ਪਾੜ ਰਹੇ ਹਾਂ
ਇਕ ਦੂਜੇ ਨੂੰ ਚੁਣ ਚੁਣ ਚੁੰਝਾਂ ਮਾਰ ਰਹੇ ਹਾਂ॥
ਅਸੀਂ ਕੀ ਆਪਣੀ ਜਵਾਂਮਰਦੀ ਵਿਖਾ ਰਹੇ ਹਾਂ
ਆਦਿਵਾਸੀ ਵੀ ਸ਼ਿਕਾਰ ਤੋਂ ਇਕੋ ਹੀ ਲੜਦੇ ਸਨ॥
ਜੰਗ ਦਾ ਮੁਹਾਂਦਰਾ ਤਾਂ ਹੁਣ ਹੋਰ ਹੀ ਹੈ
ਇਸ ਵਿਚ ਸੂਰਮਗਤੀ ਨੂੰ ਕੋਈ ਥਾਂ ਨਹੀਂ
ਇਸ ਵਿਚ ਤਾਂ ਸਿਰਫ਼ ਇਕ ਬੇਵਕੂਫ਼ ਦਿਮਾਗ਼ ਦੀ ਲੋੜ ਹੈ॥
ਆਦਮ ਨੇ ਸਿਰਫ਼ ਖ਼ੁਦਕੁਸ਼ੀ ਹੀ ਤਾਂ ਕਰਨੀ ਹੈ॥
ਝੱਲੇ ਨੂੰ ਕੀਵੇਂ ਸਮਝਾਊ ਦਾਨਾ ਆਦਮ
ਆਦਿਵਾਸੀ ਤੋਂ ਆਦਿਵਾਸੀ ਤੱਕ ਦਾ ਸਫ਼ਰ ਕਰ ਚੁਕਾ ਹੈ
ਆਖ਼ਰ ਹੁਣ ਨਿਰਾਸ਼ ਹੋਇਆ
ਖ਼ੁਦਕੁਸ਼ੀ ਕਰਨ ਲਈ ਤਿਆਰ ਬੈਠਾ ਹੈ॥

ਪਰਦਾ ਡਿਗਣ ਤੋਂ ਪਹਿਲਾਂ
ਹੈ ਕੋਈ ਸੂਰਮਾ ਵਿਵੇਕ
ਜੋ ਆਦਮ ਦੇ ਸਨਕੀ ਇਰਾਦੇ ਨੂੰ ਬਦਲ ਸਕੇ
ਉਸ ਦਾ ਹੱਥ ਫੜ ਉਸ ਨੂੰ
ਪ੍ਰਮਾਣੂ ਦਲਦਲ ਵਿਚੋਂ ਬਾਹਰ ਖਿਚ ਸਕੇ?

••

## ਸੁਰਿੰਦਰ ਧੰਜਲ

### 1. ਨੀਂਹ 'ਚ ਚਿਣਿਆ ਪੱਥਰ

ਨੀਂਹ ਦੇ ਕਾਲੇ ਹਨੇਰੇ 'ਚ ਸੁਲਘਦਾ ਹਾਂ ਮੈਂ
ਮੇਰੀ ਹੀ ਨਜ਼ਰ ਨਾ ਲੱਗ ਜਾਵੇ ਮੈਨੂੰ ਕਿਤੇ
ਤੇਰੀ ਨਜ਼ਰ ਤੋਂ ਬਚਾਣ ਲਈ
ਕਾਲੀ ਤੌੜੀ ਦੇ ਨਜ਼ਰਵੱਟੂ ਦਾ
ਮੱਥੇ ਤੇ ਪਹਿਰਾ ਜੁ ਨਹੀਂ
ਇਮਾਰਤ ਦੇ ਸਿਖਰਲੇ ਪੱਥਰਾਂ ਵਾਂਗ

ਅਨੁਭਵੀ ਇੰਜਨੀਅਰ ਨੇ
ਇਮਾਰਤ ਦਾ ਇਤਿਹਾਸ ਲਿਖਿਆ ਹੈ
ਜੋ ਨੀਹਾਂ ਤੱਕ ਪਹੁੰਚਣ ਤੋਂ
ਪਹਿਲਾਂ ਹੀ ਪੂਰਾ ਹੋ ਗਿਆ
ਕਈ ਕਾਂਡ ਸਿਖਰਲੀ ਮੰਜ਼ਲ ਦੇ
ਚਮਕਦੇ ਪੱਥਰਾਂ ਬਾਰੇ ਹਨ
ਨਿੱਕੇ ਜਿਹੇ ਅੰਤਮ ਕਾਂਡ 'ਚ ਦਰਜ
ਬਾਕੀ ਪੱਥਰਾਂ ਦੇ ਨਾਮ ਹੈਰਾਨ ਖੜ੍ਹੇ ਨੇ
ਉਪਰ ਵੇਖਦੇ ਨੇ, ਕੁਮਲਾ ਜਾਂਦੇ ਨੇ
ਹੇਠਾਂ ਵੇਖਦੇ ਨੇ, ਸ਼ਰਮਾ ਜਾਂਦੇ ਨੇ

ਪੰਦਰਾਂ ਕਲਾਂ ਸੰਪੂਰਨ ਇਤਿਹਾਸ
ਨੂੰ ਗਾਉਂਦੇ ਬੰਦੇ
ਰੋਜ਼ ਪੌੜੀਆਂ ਚੜ੍ਹਦੇ ਉਤਰਦੇ ਨੇ
ਜੋ ਮੇਰੀ ਹਿੱਕ ਤੋਂ ਸ਼ੁਰੂ ਹੁੰਦੀਆਂ ਨੇ
ਮੇਰੀ ਹਿੱਕ ਤੇ ਹੀ ਖ਼ਤਮ ਹੁੰਦੀਆਂ ਨੇ

ਤੂਫ਼ਾਨ ਸ਼ੋਰ ਪਾਉਂਦੇ ਨੇ
ਮੇਰਾ ਕਾਂਬਾ ਡੋਲਦੀ ਇਮਾਰਤ ਦੀ
ਲੰਬੀ ਉਮਰ ਲਈ ਦੁਆ ਕਰਦਾ ਹੈ

ਕੈਨੇਡਾ ਦੀ ਬਰਫ਼ 'ਚ ਗੁੰਮਿਆ ਲਾਲ ਕ੍ਰਾਂਤੀ
ਵਿਸ਼ਵ ਯੁੱਧ ਦਾ ਕੋਈ ਗੁੰਮਨਾਮ ਸੈਨਿਕ
ਬਿਨ ਖੱਫਣੋਂ ਤੜਫਦਾ ਇਕਤਾਲੀਵਾਂ ਮੁਕਤਾ
ਸੰਗੀਤਕਾਰ ਦੀ ਕੁਰਸੀ ਹੇਠ ਦਰੜਿਆ ਤਬਲਚੀ
ਮੈਂ ਕੋਈ ਵੀ ਹੋ ਸਕਦਾ ਹਾਂ
ਨੀਹਾਂ 'ਚ ਚਿਣੇ ਅਣਦਿਸਦੇ ਪੱਥਰਾਂ ਦਾ
ਕੋਈ ਇਤਿਹਾਸ ਨਹੀਂ ਹੁੰਦਾ।

●

### 2. ਅੱਧਾ ਅਧੂਰਾ

ਅੱਧਾ ਅਧੂਰਾ ਮੈਂ ਬੰਦਾ ਜਾਪੇ
ਅੱਧੇ ਅਧੂਰੇ ਮੇਰੇ ਕੰਮ
ਕਦੇ ਮੈਨੂੰ ਮੇਰਾ ਮਨ ਸਤਾਉਂਦਾ
ਕਦੇ ਸਤਾਉਂਦਾ ਤਨ

ਭੱਜਿਆ ਤੁਰਿਆ ਸੱਖਣਾ ਸੱਖਣਾ
ਕਦੇ ਕਦੇ ਮੈਂ ਊਣਾ
ਵਰ ਵੀ ਏਹੀ ਸਰਾਪ ਵੀ ਏਹੀ
ਮਨ ਢਕਣਾ ਤਨ ਲੂਹਣਾ

ਕਦੇ ਪਹਿਨ ਮੈਂ ਸ਼ਾਹੀ ਬਾਣਾ
ਰੱਜ ਪੀਂਦਾ ਰੱਜ ਖਾਂਦਾ
ਨੰਗੇ ਤਨ ਤੇ ਭੁੱਖੇ ਮਨ
ਕਦੇ ਫੁੱਟਪਾਥੀਂ ਮੈਂ ਜਾਂਦਾ

ਮਨ ਦੀ ਬੰਦਰਗਾਹ ਤੋਂ ਕਿਧਰੇ
ਧਰਮ ਜਹਾਜ਼ ਚਲਾਉਂਦਾ
ਕਹਿ ਪੱਥਰ ਬੇਜਾਨ ਖ਼ੁਦਾ ਨੂੰ
ਕਦੇ ਰੋੜ੍ਹ ਸਾਗਰੀਂ ਆਉਂਦਾ

ਪਿਛਲਖੁਰੀ ਤੁਰ ਕਈ ਦਹਾਕੇ
ਕਦੇ ਅੰਮੜੀ ਗੋਦ ਮੈਂ ਜਾਵਾਂ
ਕਦੇ ਡੰਗੋਰੀ ਫੜ ਬਾਪੂ ਦੀ
ਮੈਂ ਖ਼ੁਦ ਬਾਪੂ ਬਣ ਜਾਵਾਂ

ਮੈਂ ਪਤਨੀ ਮੈਂ ਮਹਿਬੂਬਾ ਹਾਂ
ਸੁਪਨਿਆਂ ਵਿੱਚ ਘੁੰਮ ਜਾਵਾਂ
ਸਿਰ ਇੱਕ ਦਾ ਤੇ ਧੜ ਦੂਜੀ ਦਾ
ਮੈਂ ਵਰਜਿਤ ਭੁੱਖ ਹੰਢਾਵਾਂ

ਮਿੱਤਰ ਕਿਧਰੇ ਦੁਸ਼ਮਣ ਕਿਧਰੇ
ਕਦੇ ਰੱਖੜੀ ਕਦੇ ਭਰਾ ਹਾਂ
ਛੇੜ ਕੁੰਜ ਦਾ ਚੱਕਰ ਵਿਊਹ ਹੈ
ਇੱਕ ਪਾਵਾਂ ਇੱਕ ਲਾਹਾਂ

ਪੂਰਬ ਹੋਵਾਂ ਮੇਰੇ ਮੂੰਹ ਤੇ
ਦਿਨ ਚੜ੍ਹਦੇ ਦੀ ਲਾਲੀ
ਸਿਖਰ ਦੁਪਹਿਰੇ ਕਦੇ ਪਲਿੱਤਣ
ਬਣ ਜਾਂ ਪੱਛਮ ਵਾਲੀ

ਟੁਕੜਾ ਕਿਧਰੇ ਟੁਕੜਾ ਕਿਧਰੇ
ਮੈਂ ਖਿੰਡਦਾ ਚੂਰਾ ਚੂਰਾ
ਅੱਧਾ ਅਧੂਰਾ ਮੈਂ ਬੰਦਾ ਜਾਪੇ
ਮੈਂ ਕਦੇ ਨਾ ਸਾਬਤ ਪੂਰਾ

●●

## ਹਰਜਿੰਦਰ ਚੀਮਾ

### 1. ਜਾਗਰਤੀ

ਸਾਹਾਂ ਦੇ ਕਰਜ਼ ਥੱਲੇ ਜ਼ਿੰਦਗੀ
ਬੀਤ ਜਾਣੀ ਕਰਕੇ ਪਲ ਪਲ
ਕੱਲ੍ਹ ਹੈ ਜੋ ਅੱਜ ਬਣਕੇ ਆਏਗਾ
ਅੱਜ ਨੇ ਲੰਘ ਜਾਣਾ ਬਣਕੇ ਕੱਲ੍ਹ
ਪਰ ਕਿਉਂ ਫਿਕਰ ਕਰੀਏ ਉਸ ਕੱਲ੍ਹ ਦੀ
ਜਿਸਨੇ ਨਹੀਉਂ ਵੇਖਣਾ ਸਾਡੇ ਵੱਲ
ਸਾਡੇ ਮਰਿਆਂ ਪੱਤਾ ਵੀ ਨੀਂ ਹਿੱਲਣਾ
ਕਿਸੇ ਦੇ ਮਰਿਆਂ ਮੱਚ ਜਾਣੀ ਤਰਥੱਲ
ਇੱਕ ਨੂੰ ਤਾਂ ਝੌਂਪੜੀ ਨਸੀਬ ਨਹੀਂ
ਇੱਕ ਨੂੰ ਹੈ ਰਹਿਣ ਲਈ ਮਹੱਲ
ਰਾਜੇ ਸ਼ੀਂਹ ਮੁਕੱਦਮ ਕੁੱਤਿਆਂ ਵਾਂਗ ਨੇ
ਜੋ ਖੜਕਾਉਂਦੇ ਮੰਦਰਾਂ ਦੇ ਟੱਲ
ਉਸ ਦੇ ਘਰ ਦੇਰ ਹੈ ਅੰਧੇਰ ਨਹੀਂ
ਫਿਰ ਅੰਧੇਰ-ਗਰਦੀ ਕਿਉਂ ਰਹੀ ਹੈ ਚੱਲ
ਇਹ ਤਾਂ ਨਿਰੀ ਬੇਇਨਸਾਫ਼ੀ ਦੋਸਤੋ
ਕਿੱਥੋਂ ਕਰਾਂ ਇਨਸਾਫ਼ ਦੀ ਮੈਂ ਗੱਲ
ਖਾੜੇ ਵਾਲੇ ਮੱਲਾਂ ਦੀ ਕੋਈ ਲੋੜ ਨੀਂ
ਹੱਕਾਂ ਦੇ ਘੋਲ ਲਈ ਚਾਹੀਦੇ ਨੇ ਮੱਲ
ਹੱਕ ਲੈਕੇ ਹੀ ਘਰਾਂ ਨੂੰ ਮੁੜਨਗੇ
ਇਕ ਵਾਰ ਜੋ ਪਏ ਘਰਾਂ ਤੋਂ ਚੱਲ
ਦੁਨੀਆਂ ਉੱਤੇ ਪਰਲੋ ਜਿਹੀ ਆ ਜਾਏਗੀ
ਜਦ ਲੋਕਾਂ ਨੂੰ ਚੜ੍ਹਿਆ ਹੱਕ ਦਾ ਝੱਲ
ਟੋਏ ਟਿੱਬੇ ਪੱਧਰ ਹੋ ਹੋ ਜਾਣਗੇ
ਧਰਤੀ ਹੋ ਜਾਵੇਗੀ ਜਲ ਥਲ

●

### 2. ਜਲਾਵਤਨ

ਜਿਸ ਧਰਤੀ ਉੱਤੇ ਕੱਲ੍ਹ
ਮੈਂ ਜੰਮਿਆ ਤੇ ਪਲਿਆ
ਜਿਥੇ ਤਿੱਤਲੀਆਂ ਪਿੱਛੇ
ਮੇਰਾ ਭੱਜਦਾ ਹੋਇਆ ਬਚਪਨ
ਜੁਆਨੀ ਦੇ ਬੂਹੇ ਤੇ
ਆ ਕੇ ਸੀ ਰੁਕਿਆ
ਹਾਣੀਆਂ ਦੇ ਸੰਗ ਰਲ
ਹੱਸਿਆ ਤੇ ਖੇਡਿਆ
ਦੁਨੀਆਂ ਦੀ ਭੀੜ 'ਚ
ਅੱਜ ਮਿਲਕੇ ਵਿਛੜਿਆ
ਜਿਹਨਾਂ ਨਾਲ ਬਚਪਨ
ਜੁਆਨੀ ਤੱਕ ਚੜ੍ਹਿਆ
ਜੁਦਾ ਅੱਜ ਉਮਰਾਂ ਲਈ
ਉਹਨਾਂ ਤੋਂ ਹੋਇਆ
ਅੱਜ ਉਥੇ ਹੀ ਮੈਂ
ਪਰਦੇਸੀ ਹਾਂ ਬਣਿਆ
ਤੇ ਆਪਣੀ ਹੀ ਧਰਤੀ
ਅੱਜ ਹੋਈ ਪਰਾਈ
ਟੁੱਟਿਆ ਹੈ ਇੱਕ ਫੁੱਲ
ਟਹਿਣੀ ਦੇ ਨਾਲੋਂ
ਮੋਤੀ ਹੈ ਇੱਕ ਨਾਲੋਂ
ਮਾਲਾ ਦੇ ਟੁੱਟਿਆ
ਪਿਆਰੀ ਬੁੱਢੀ ਅੰਮਾਂ ਦੀ
ਅੱਖੀਆਂ ਦਾ ਤਾਰਾ
ਪਿਓ ਦੇ ਬੁਢਾਪੇ
ਦਾ ਇਕੋ ਸਹਾਰਾ
ਰੋਜ਼ੀ ਦੀ ਖ਼ਾਤਰ
ਭੈਣਾਂ ਦਾ ਵੀਰਾ
ਆਪਣੇ ਵਤਨ ਤੋਂ
'ਜਲਾਵਤਨ' ਹੋਇਆ।

●●

## ਹਰਦੇਵ ਸਿੰਘ

1.

ਕਿਸੇ ਥਾਂ ਤੇ ਰੁਕ ਨਾ ਸਕਣਾ
ਅਟਕ ਨਾ ਬਹਿਣਾ
ਵਧਦੇ ਜਾਣਾ, ਤੁਰਦੇ ਰਹਿਣਾ
ਮੁਸਾਫ਼ਰੀ, ਆਵਾਰਗੀ, ਫ਼ਕੀਰੀ, ਜਾਦੂਗਰੀ
ਬਣਮਾਨਸ ਜਾਂ ਆਦਿ ਪੁਰਖ ਦਾ ਕਿੱਤਾ ਰਹਨਾ

ਮੈਂ ਕਿਰਸਾਣ ਤਾਂ ਬਣ ਨਹੀਂ ਸਕਦਾ
ਮੈਂ ਯਾਤਰੀ, ਆਵਾਰਾ
ਮੇਰਾ ਕਿੱਤਾ ਤੁਰਦੇ ਰਹਿਣਾ
ਮੈਂ ਸੀਮਾਂ ਦੇ ਬਰਖ਼ਿਲਾਫ਼ ਹਾਂ
ਸੀਮਾਂ ਅੰਦਰ ਕੈਦੀ ਹੋਵੇ
ਸੀਮਾਂ ਵਾਧੂ ਗੱਲ ਹੁੰਦੀ ਹੈ

ਅਮਨਾਂ ਸਮੇਂ
ਜਰਨੈਲ ਤੇ ਤੋਪਾਂ ਵਾਧੂ ਲਗਦੇ
ਜਦ ਕਦੀ ਫਿਰ ਜੰਗ ਛਿੜਦੀ ਹੈ
ਏਹਨਾਂ ਦੀ ਹੀ ਪੂਜਾ ਹੋਵੇ

ਮੇਰਾ ਆਪਾ ਮੇਰੀ ਫ਼ਕੀਰੀ
ਘੁਟਣ ਹੰਢਾਵੇ, ਕੁਮਲਾਵੇ
ਬੰਦੀ ਬਣ ਜਾਵੇ

2.

ਧਰਤੀ ਤੇ ਬ੍ਰਹਮੰਡ
ਇਸ ਵਿੱਚ ਲੁਸਦੀ ਜ਼ਿੰਦਗੀ
ਗੰਭੀਰ ਨਹੀਂ ਹੈ
ਚੰਗਾ ਹੋਵੇ ਇਸ ਰਾਹ ਉਤੋਂ
ਹਸਦੇ ਖੇਡਦੇ ਹੀ ਲੰਘ ਜਾਈਏ
ਕਾਹਨੂੰ ਕਾਲ ਕਲੇਸ਼ਾਂ ਵਾਲਾ
ਜਾਲ ਹੈ ਬੁਣਿਆ
ਜਿਥੇ ਅੱਜ ਸ਼ਹਿਰ ਖੜੇ ਨੇ
ਮਸ਼ੀਨੀ ਯੁਗ ਦੇ ਯੰਤਰ ਵਿਚਰਨ
ਇਕ ਦਿਨ ਓਥੇ ਘਾਹ ਉਗੇਗਾ
ਜ਼ਿੰਦਗੀ ਫਿਰ ਗੁਦੜੀ ਝਾੜੇਗਾ
ਪਰਾਕਿਰਤੀ ਵੇਸ ਕਰੇਗੀ
ਨੱਟਰਾਜਾ ਤਾਂਡਵ ਨੱਚੇਗਾ
ਮੈਂ ਸਾਰੇ ਬ੍ਰਹਮੰਡ ਨੂੰ
ਜੀਵਾਂ ਦੀ ਆਵਾਜਾਈ ਨੂੰ
ਖੇਡ ਹੀ ਸਮਝਾਂ ॥



## ਹਰਦੇਵ ਵੜੈਚ

1. ਬਲੀ

ਮੇਰੇ ਗੀਤਾਂ ਦੇ ਹਾੜ੍ਹ
ਤੇਰੇ ਜਬਰ ਦੀ ਅੱਗ 'ਤੇ
ਪਾਉਂਦੇ ਫ਼ੁਹਾਰਾਂ ਨੇ ਰਹੇ,
ਪਾਉਂਦੇ ਫ਼ੁਹਾਰਾਂ ਰਹਿਣਗੇ !

ਜਬਰਾਂ ਦੀ ਦੇਵੀ ਮੰਦਰੇ
ਇਹ ਗੀਤ 'ਬਲੀ ਦੇ ਬੱਕਰੇ'
ਗੰਗਾਜਲੀ ਵਿੱਚ ਡੁੱਬਕੇ,
ਹਰ ਦਿਹੁੰ ਹੀ ਚੜ੍ਹਦੇ ਰਹਿਣਗੇ !

ਇਸ ਕਤਲਗਾਹ ਦੀ ਸਰਦਲੇ
ਕੁਝ ਗੀਤ ਮੇਰੇ ਰੁਲਣਗੇ
ਕੁਝ ਗੀਤ ਮੇਰੇ ਮਰਨਗੇ,
ਕੁਝ ਗੀਤ ਠੇਡੇ ਸਹਿਣਗੇ !

ਤੂੰ ਮਾਰੀਂ ਹਾਕਾਂ ਲੱਖ ਵਾਰ
ਪਰ ਮੋਏ ਗੀਤ ਨਾ ਕੂਣਗੇ
ਤੂੰ ਵੱਢੀਂ ਨਾਲ ਕੁਹਾੜਿਆਂ,
ਪਰ ਗੀਤ ਫੁੱਟਦੇ ਰਹਿਣਗੇ !

ਕੁਝ ਗੀਤ ਹੀਲਾ ਕਰਨਗੇ
ਸਬਰਾਂ ਦੀ ਸੀੜ੍ਹੀ ਬੰਨ੍ਹਕੇ
ਮੋਇਆਂ ਨੂੰ ਸੀੜ੍ਹੀ ਚਾੜ੍ਹਕੇ,
ਸ਼ਮਸ਼ਾਨ ਰਸਤੇ ਪੈਣਗੇ !

ਪਰ ਕਤਲਗਾਹ ਦੀ ਸਰਦਲੇ
ਕੁਝ ਦਾਗ਼ ਲੱਗੇ ਰਹਿਣਗੇ
ਫਿਰ ਗੀਤ ਮੇਰੇ ਅੱਥਰੇ,
ਰੋਗਾਂ ਦੀ ਵਿਥਿਆ ਕਹਿਣਗੇ !

ਹਾਕਮ ਕਮੀਨੇ ਸਮੇਂ ਦੇ
ਮੁਨਸਫ਼ ਬੇਦੀਨੇ ਸਮੇਂ ਦੇ
ਜਦ ਸੱਚ ਕੌੜਾ ਸੁਣਨਗੇ,
ਤਾਂ ਜ਼ਹਰ ਪੀਲੇ ਪੈਣਗੇ !

ਨੁਸਖ਼ੇ ਨਾ ਕਾਟਾਂ ਕਰਨਗੇ
ਹਉਕੇ ਤੇ ਹਉਕਾ ਭਰਨਗੇ
ਨਾ ਜੀਣਗੇ, ਨਾ ਮਰਨਗੇ,
ਉਹ ਅੱਧ-ਭੁਜੇ ਰਹਿਣਗੇ !

ਕੁਝ ਗੀਤ ਲਾਂਬੂ ਲਾਉਣਗੇ
ਕੁਝ ਗੀਤ ਲੁੱਡੀ ਪਾਉਣਗੇ
ਮੌਤਾਂ ਦੇ ਤਵੀਏ ਪੂੜ੍ਹ ਕੇ,
ਕੁਝ ਸੁਣਨਗੇ ਕੁਝ ਕਹਿਣਗੇ !

ਮੇਰੇ ਗੀਤਾਂ ਦੇ ਹਾੜ੍ਹ
ਤੇਰੇ ਜਬਰ ਦੀ … … …

2. ਜਮੂਰੇ

ਬੇਹੋਸ਼ ਜਮੂਰੇ ਨੱਚਦੇ ਹਨ
ਲਾ ਤਾੜੀ ਲੋਕੀ ਹੱਸਦੇ ਹਨ।

ਇਹ ਕੇਹੀ ਖੇਡ ਨਿਆਰੀ ਹੈ
ਜਿਸ ਮੱਤ ਇਨ੍ਹਾਂ ਦੀ ਮਾਰੀ ਹੈ
ਖੇਡਾਂ ਵਿੱਚ ਗੁੰਮਿਆਂ ਹੋਇਆਂ ਦੀ
ਕਿਉਂ ਖੇਡ ਵਿਚਾਰੀ ਹਾਰੀ ਹੈ !

ਦੋ ਟੁੱਕੜ ਸੁੱਟ ਮਦਾਰੀ ਜਦ
ਗਲ ਪਈਆਂ ਰੱਸੀਆਂ ਖਿੱਚਦਾ ਹੈ
ਤਾਂ ਬੇਸ਼ਰਮੀ ਵਿੱਚ ਗ਼ਰਕ ਹੋਏ
ਬੇਸ਼ਰਮ ਜਮੂਰੇ ਨੱਚਦੇ ਹਨ !

ਅੰਦਰੋਂ ਤਾਂ ਨੁੱਚੜੇ ਲਗਦੇ ਹਨ
ਪਰ ਬੇਸਮਝੀਆਂ ਵਿੱਚ ਡੱਬਰੇ ਹਨ
ਇਹ ਬਾਂਦਰ-ਝੱਗੀਆਂ ਪਾਕੇ ਜਦ
ਮਦਹੋਸ਼ ਜਮੂਰੇ ਨੱਚਦੇ ਹਨ !

ਭੁੱਲੇ ਨੇ ਪਹਿਰ ਆਜ਼ਾਦੀ ਦੇ
ਗਲ ਰੱਸੇ ਪਾ ਬਰਬਾਦੀ ਦੇ
ਕਿੰਝ ਫਿੱਕਾ ਹਾਸਾ ਹੱਸਦੇ ਹਨ
ਕਿੰਝ ਵੱਟਕੇ ਪਾਸਾ ਨੱਚਦੇ ਹਨ !

ਜਦ ਆਲਸ ਕਰਕੇ ਬਹਿੰਦੇ ਹਨ
ਸਾਈਂ ਦੇ ਛਿੱਟੇ ਪੈਂਦੇ ਹਨ
ਚੁੱਪ ਵੱਟਦੇ ਹਨ, ਕੁਝ ਕਹਿੰਦੇ ਨਹ
ਜਦ ਆਪੇ ਤਲੀਆਂ ਝੱਸਦੇ ਹਨ !

ਖੇਡ ਖ਼ਤਮ ਕਰ ਸਾਈਂ ਜਦ
ਮਾਇਆ ਲਈ 'ਵਾਜਾਂ ਕੱਸਦਾ ਹੈ
ਝੁਕ ਝੁਕ ਪਰਨਾਮਾਂ ਕਰਦੇ ਹਨ
ਲਾ ਕਲਾਬਾਜ਼ੀਆਂ ਟੱਪਦੇ ਹਨ !

ਪਏ ਨ੍ਹੇਰ ਤਾਂ ਪਿੰਜਰੇ ਪੈਂਦੇ ਹਨ
ਆਪੋ ਵਿੱਚ ਭਿੜਦੇ ਖਹਿੰਦੇ ਹਨ
ਕੁਝ ਹੱਡ ਤੁੜਾਕੇ ਬਹਿੰਦੇ ਹਨ
ਨਾ ਕੌਡੀ ਦੇ, ਨਾ ਕੱਖ ਦੇ ਹਨ !

ਬੇਹੋਸ਼ ਜਮੂਰੇ ਨੱਚਦੇ ਹਨ
ਲਾ ਤਾੜੀ ਲੋਕੀਂ ਹੱਸਦੇ ਹਨ ।

## ਹਰੀਪਾਲ

### ਸ਼ਰਾਬੀ ਯਾਰ ਦੇ ਨਾਂ

ਕੀ ਬੀਤਦੀ ਹੈ ਜਾਣੋ ਉਨ੍ਹਾਂ ਨਾਲ
ਜੋ ਦਿਲ ਦੀਆਂ ਦਿਲ ਵਿੱਚ ਲੈਕੇ ਮਰਦੇ ਨੇ
ਕਾਰਨ ਇਸ ਮੰਦਹਾਲੇ ਦੇ ਸਾਰੇ ਹੋਣ ਹਜ਼ਾਰਾਂ
ਪਰ ਪਯਾਰ ਤਾਂ ਜਾਣਾ ਆਪਣੇ ਹੀ ਸਰੂਰੇ ਨੇ

ਗਵਾਂਢੀ ਦੀ ਹੁੰਦੀ ਦੁਰਗਤ ਵੇਖਕੇ
ਅੱਜ ਅੰਦਰੀਂ ਜੋ ਵੜਦੇ ਨੇ
ਸ਼ਾਮਿਲ ਕਰਨ ਗਿਆਂ ਨੂੰ
ਉਹ ਰਾਹਾਂ ਵਿੱਚੋਂ ਰੱਜਦੇ ਨੇ

ਰਾਤਾਂ ਤਾਂ ਇੱਕ ਪਾਸੇ ਰਹੀਆਂ
ਇਹ ਤਾਂ ਦਿਨ ਦੀ ਸ਼ਰਾਬੀ ਹੋਕੇ ਕੱਟਦੇ ਨੇ
ਪਸ਼ੂਆਂ ਵਾਂਗੂੰ ਖੇਤੀਂ ਰੁਲਦੇ
ਬੁੱਢੇ ਹੱਡ ਹੀ ਕਿਸ਼ਤਾਂ ਚੱਕਦੇ ਨੇ

ਗਹਿਣੇ ਹੋਈ ਜ਼ਿੰਦਗਾਨੀ ਬਾਰੇ
ਇਹਨਾਂ ਕਦੇ ਨਹੀਂ ਸੋਚਿਆ

ਵਤਨੀਂ ਖ਼ਰੀਦੀ ਭੋਇੰ ਤੇ ਹੀ
ਅੱਜ ਹਾਸੇ ਵੱਜਦੇ ਨੇ
ਜਿਨ੍ਹਾਂ ਦੇ ਦੁੱਖਾਂ ਤੋਂ;
ਇਕ ਟੱਬਰ ਇੱਥੇ ਸੜਦੇ ਨੇ
ਜਿਨ੍ਹਾਂ ਦੇ ਵਿਯੋਗਾਂ ਵਿੱਚ
ਇਕ ਟੱਬਰ ਉਥੇ ਮਰਦੇ ਨੇ

ਅੱਜ ਨਾਲ ਤੇਰੇ ਜੋ ਜਾਗਾ
ਸੜਕਾਂ ਉਤੇ ਖੜ੍ਹਦੇ ਨੇ
ਇਹ ਤਾਂ ਤੇਰੀ ਵੈਨ ਵਿਚਲੀ
ਬੋਤਲ ਤੇ ਹੀ ਮਰਦੇ ਨੇ।

## ਹਰਮਿੰਦਰ

### 1. ਪਾਣੀ ਕਿਨਾਰੇ ਨੂੰ

ਮੇਰੇ ਦਰਦਾਂ ਦਾ ਦਰਿਆ
ਵਹਿ ਚੱਲਿਆ, ਕੁਝ ਕਹਿ ਚੱਲਿਆ
ਵੇ ਮੇਰੇ ਦਰਦਾਂ ਦਾ ਦਰਿਆ...

ਮੇਰੀ ਜ਼ਿੰਦਗੀ ਦੀ ਨੁਹਾਰ ਲੈਕੇ
ਤੇਰੇ ਲਈ ਇੱਕ ਪੁਕਾਰ ਲੈਕੇ
ਵੇ ਮੇਰੇ ਦਰਦਾਂ ਦਾ ਦਰਿਆ...

ਤੇਰੇ ਲਈ ਸ਼ਿੰਗਾਰ ਲੈਕੇ
ਤੇਰਾ ਦਰਪਣ ਬਣਨ ਦੀ ਚਾਹ ਲੈਕੇ
ਵੇ ਮੇਰੇ ਦਰਦਾਂ ਦਾ ਦਰਿਆ...

ਤੂੰ ਪਿਛੇ ਰਹਿ ਚੱਲਿਆ
ਇਹ ਅੱਗੇ ਨੂੰ ਵਹਿ ਚੱਲਿਆ
ਹੌਸਲਾ ਕਰਕੇ ਇਸਨੂੰ ਰੋਕਲੈ
ਪੁੱਛ ਲੈ:
ਕੀ ਇਹ ਤੈਨੂੰ ਕਹਿ ਚੱਲਿਆ
ਵੇ ਮੇਰੇ ਦਰਦਾਂ ਦਾ ਦਰਿਆ...

ਸੁੰਨਾ ਛੱਡਕੇ ਤੈਨੂੰ
ਇਹ ਵਹਿ ਚੱਲਿਆ
ਬੁੱਝ ਲੈ ਤੂੰ ਹੀ
ਤੈਨੂੰ ਇਹ ਕੀ ਕਹਿ ਚੱਲਿਆ
ਵੇ ਮੇਰੇ ਦਰਦਾਂ ਦਾ ਦਰਿਆ...

### 2. ਤੂੰ ਤੇ ਮੈਂ

ਚੀਜ਼ਾਂ ਤਾਂ ਬਹੁਤ ਨੇ
ਮੈਂ ਹਾਂ
ਪਰ ਤੂੰ ਤੇ ਮੈਂ ਨਹੀਂ

ਮੇਰੀ 'ਮੈਂ'
ਚੀਜ਼ ਦੀਆਂ ਪਰਛਾਈਆਂ ਤੋਂ ਪਰੇ
ਦੂਰ ਪਰੇ
ਇੱਕ ਕੋਨੇ 'ਚ
ਤੇਰੀ ਯਾਦ ਨੂੰ ਲੈਕੇ ਬਹਿ ਜਾਂਦੀ

ਕਦੇ ਕਦੇ
ਤੇਰੀ ਪਰਛਾਈਂ ਆਕੇ
ਚੀਜ਼ਾਂ ਨੂੰ ਲੁਕਾ ਲੈਂਦੀ
ਮੇਰੀ ਜ਼ਿੰਦਗੀ ਦੇ ਲੰਮੇ ਸੁੰਨੇ ਰਾਹਾਂ ਤੇ
ਤੇਰੀ ਪਰਛਾਈਂ ਛਾਈ ਰਹਿੰਦੀ।

ਰਾਤ ਤਾਂ
ਅੱਖਾਂ ਖੋਲ੍ਹਕੇ ਵੀ ਨਿਕਲ ਜਾਵੇ
ਜੀ ਕਰੇ
ਇਹ ਚੀਜ਼ਾਂ ਦੇ ਦਿਨ
ਪਲਕਾਂ ਮੁੰਦਕੇ ਹੀ ਨਿਕਲ ਜਾਣ
ਕਿਉਂਕਿ ਇਥੇ:
ਚੀਜ਼ਾਂ ਤਾਂ ਬਹੁਤ ਨੇ
ਮੈਂ ਹਾਂ
ਪਰ ਤੂੰ ਤੇ ਮੈਂ ਨਹੀਂ

## ਕੇਸਰ ਸਿੰਘ ਨਾਵਲਿਸਟ

### 1. ਮੰਜ਼ਿਲ

ਕੋਈ ਕਹੇ ਤੂੰ ਦਾੜ੍ਹੀ ਰੱਖੀ
ਸਿਰ ਪੱਗ ਬੰਨ੍ਹਦੈਂ
ਸਿੱਖ ਹੀ ਹੈਂ ਤੂੰ।

ਕੋਈ ਕਹੇ
ਤੂੰ ਪੱਗ ਨਹੀਂ ਬੰਨ੍ਹਦਾ
ਨੰਗੇ ਸਿਰ ਫਿਰਦੈਂ
ਸਿੱਖ ਨਹੀਂ ਤੂੰ।

ਕੋਈ ਕਹੇ ਤੂੰ ਨਾਲ ਨਾ ਸਾਡੇ
ਜੇ ਤੂੰ ਨਹੀਂ ਸਾਡਾ
ਤਾਂ ਦੁਸ਼ਮਣ ਸਾਡਾ।

ਕੋਈ ਕਹੇ
ਤੂੰ ਨਾਲ ਉਨ੍ਹਾਂ ਦੇ
ਜੋ ਨਹੀਂ ਸਾਡੇ।

ਕੋਈ ਕਹੇ
ਤੂੰ ਨਾ ਇਸ ਪਾਸੇ
ਨਾ ਉਸ ਪਾਸੇ
ਨਾ ਤੂੰ ਪਾਰ
ਨਾ ਉਰਾਰ
ਤੂੰ ਵਿੱਚ ਮੰਝਧਾਰ
ਤੂੰ ਡੁੱਬਾ ਕਿ ਡੁੱਬਾ।

ਮੈਂ ਕਹਿੰਦਾ –
ਤੁਸੀ ਤਰੋ ਸੋਹਣਿਓਂ
ਡੁੱਬ ਲੈਣ ਦਿਓ ਮੈਨੂੰ
ਤਰਨ ਤੁਹਾਡੇ ਨਾਲੋਂ
ਮੈਂ ਡੁੱਬਾ ਚੰਗਾ।

ਤੁਸੀਂ ਤਰਾਕ
ਘਿਨ-ਮੰਜ਼ਿਲੇ
ਮੇਰੀ ਹੈ ਮੰਜ਼ਿਲ
ਮੇਰੀ ਮੰਜ਼ਿਲ ਦੂਰ
ਪੰਧ ਲੰਮ ਹੈ ਬਹੁਤਾ।

ਮੇਰੇ ਘਿਨ-ਮੰਜ਼ਿਲ ਦੋਸਤੋ
ਮੇਰਾ ਰਾਹ ਨਾ ਰੋਕੋ
ਹੋ ਜਾਓ ਸੱਜੇ
ਹੋ ਜਾਓ ਖੱਬੇ
ਵਿੱਚ ਵਿਚਾਲਿਓਂ
ਲੰਘ ਜਾਣ ਦਿਓ
ਪੈਂਡਾ ਮੇਰਾ
ਨਾ ਕਰੋ ਖੋਟਾ
ਮੇਰੀ ਮੰਜ਼ਿਲ ਦੂਰ
ਪੰਧ ਲੰਮ ਹੈ ਬਹੁਤਾ।

ਕਾਮੇ ਤੇ ਜੋਧੇ
ਮੇਰੇ ਮਨ ਅੰਦਰ
ਛਿੰਝਾਂ ਹਨ ਪਾਂਦੇ
ਲਖ ਢੋਲ ਵਜਾਂਦੇ
ਨਚਦੇ ਤੇ ਗਾਂਦੇ
ਡੰਗੋ ਤੇ ਡੰਗਾ
ਹਨ ਮਾਰੀ ਜਾਂਦੇ।
ਮੇਰੇ ਘਿਨ-ਮੰਜ਼ਿਲ ਦੋਸਤੋ
ਤੁਸੀਂ ਹੋ ਜਾਓ ਪਾਸੇ
ਮੇਰਾ ਰਾਹ ਨਾ ਰੋਕੋ
ਤੁਸੀਂ ਹੋ ਜਾਓ ਸੱਜੇ
ਤੁਸੀਂ ਹੋ ਜਾਓ ਖੱਬੇ
ਵਿੱਚ ਵਿਚਾਲਿਓਂ
ਲੰਘ ਜਾਣ ਦਿਓ
ਪੈਂਡਾ ਮੇਰਾ
ਨਾ ਕਰੋ ਖੋਟਾ
ਮੇਰੀ ਮੰਜ਼ਿਲ ਦੂਰ
ਪੰਧ ਲੰਮ ਹੈ ਬਹੁਤਾ।

### 2. ਸੱਪਣੀ ਮਾਂ

(ਬੌਬੀ ਸੈਂਡ ਤੇ ਆਇਰਲੈਂਡ
ਦੇ ਹੋਰ ਸ਼ਹੀਦਾਂ ਦੀ ਸ਼ਹਾਦਤ
ਸਮੇਂ ਲਿਖੀ ਗਈ)

ਸੱਪਣੀ ਹੈ ਇਕ ਮਾਂ
ਜੋ ਆਪਣੇ ਜਣੇ
ਆਪਣੇ ਬੱਚੇ
ਆਪੇ ਖਾਏ।

ਆਦਮ ਨੂੰ ਡੱਸੇ
ਡੱਸੇ ਜੈਪਾਇਆਂ ਨੂੰ
ਪੰਛੀਆਂ ਦੇ ਬੋਟਾਂ ਨੂੰ
ਖਾਏ ਨਾ ਸ਼ਰਮਾਏ
ਅਣਜੰਮੇ ਬੋਟਾਂ ਦੇ
ਅੰਡੇ ਭੰਨਕੇ
ਖਾਏ ਨਾ ਘਬਰਾਏ।

ਜਦ ਕੋਈ ਇੱਲ
ਅਸਮਾਨੋਂ ਲਪਕੇ
ਮਾਂ-ਮੁਰਗੀ
ਜਦ ਖ਼ਤਰਾ ਸਮਝੇ
ਆਪਣੇ ਬੱਚੇ
ਆਪਣੇ ਖੰਭਾਂ ਹੇਠ ਲੁਕਾਏ।

ਜੇ ਕੋਈ ਕੁੱਤਾ
ਵੱਲ ਬਲੂੰਗੇ
ਘੂਰਕੇ ਤੱਕੇ

ਮਾਂ-ਬਿੱਲੀ ਨੂੰ
ਗੁੱਸਾ ਚੜ੍ਹ ਜਾਏ।

ਸੱਪਣੀ ਹੈ ਇਕ ਮਾਂ
ਜੋ ਆਪਣੇ ਬੱਚੇ
ਆਪੇ ਖਾਏ।

ਇੰਗਲੈਂਡ ਦੀ ਥੈੱਚਰ ਮਾਤਾ
ਆਪੇ ਬਣੀ
ਮਾਂ ਮਤਰੇਈ
ਉੱਤਰੀ ਆਇਰਲੈਂਡ
ਆਪਣੇ ਬੱਚਿਆਂ ਹੱਥੋਂ
ਆਪਣੇ ਬੱਚੇ
ਆਪ ਕੁਹਾਏ।

ਮਾਂ ਦਾ ਮੁਖੌਟਾ ਪਾਕੇ
ਹੰਕਾਰੇ ਸੱਪਣੀ ਦੇ ਮਾਰੇ
ਜ਼ਹਿਰਾਂ ਘੋਲੇ
ਕਰੇ ਅਮਨ ਦੀ ਇੱਛਾ।
ਇਹ ਇਕ ਸੱਪਣੀ
ਸੱਪਣੀ ਹੈ ਇਹ ਮਾਂ
ਜੋ ਆਪਣੇ ਬੱਚੇ
ਆਪ ਕੁਹਾਏ
ਆਪੇ ਖਾਏ
ਖਾਏਂ ਨਾ ਘਬਰਾਏ
ਨਾ ਖਾਏਂ ਸ਼ਰਮਾਏ।

●●

## ਕਸ਼ਮੀਰਾ ਸਿੰਘ ਚਮਨ

### ਸੱਚ ਦੇ ਆਸ਼ਕ

ਜੋ ਸੱਚ ਦੇ ਆਸ਼ਕ ਸੱਚ ਬਦਲੇ
ਸਿਰ ਦਿੰਦੇ ਨਾ ਘਬਰਾਉਂਦੇ ਨੇ।
ਉਹ ਸੱਚਮੁੱਚ ਦੋਹਾਂ ਜਹਾਨਾਂ ਵਿੱਚ
ਅਤਿ ਉੱਚਾ ਰੁਤਬਾ ਪਾਉਂਦੇ ਨੇ।
ਕੀ ਜਿਉਣਾ ਬੁਜ਼ਦਿਲ ਬੰਦਿਆਂ ਦਾ
ਲੱਖ ਵਾਰੀ ਜਿਉਂਦੇ ਮਰਦੇ ਨੇ
ਜੋ ਰੱਖਣ ਸੀਸ ਹਥੇਲੀ ਤੇ
ਉਹੀਓ ਸਰਦਾਰ ਕਹਾਉਂਦੇ ਨੇ।
ਜੋ ਮਰਦੇ ਦਮ ਤੱਕ ਜਾਨਣ ਨਾ
ਕੀ ਕੀਮਤ ਹੁੰਦੀ ਮਰਨੇ ਦੀ
ਉਹ ਲਾਹਨਤ ਦੇ ਅਧਿਕਾਰੀ ਨੇ
ਧਰਤੀ ਤੇ ਭਾਰ ਵਧਾਉਂਦੇ ਨੇ।
ਉਹ ਪੂਜੇ ਜਾਂਦੇ ਦੁਨੀਆਂ ਵਿੱਚ
ਜੋ ਵਾਰਨ ਆਪਾ ਹੱਸ ਹੱਸ ਕੇ
ਉਹ ਸੱਚ ਦੇ ਆਸ਼ਕ ਵਣਜਾਰੇ
ਜੋ ਸਿਰ ਦਾ ਵਣਜ ਕਮਾਉਂਦੇ ਨੇ।
ਝੁਕ ਝੁਕ ਕੇ ਮੌਤ ਸਲਾਮ ਕਰੇ
ਰਣ ਅੰਦਰ ਅਣਖੀ ਬੀਰਾਂ ਨੂੰ
ਇਤਿਹਾਸ ਸੁਨਹਿਰੀ ਕੌਮਾਂ ਦਾ
ਰੱਤ ਆਪਣੀ ਨਾਲ ਬਣਾਉਂਦੇ ਨੇ।
ਕੌਮ ਦਾ ਮਹਿਲ ਉਸਾਰਨ ਲਈ
ਕੌਮੀ ਪਰਵਾਨੇ ਹੱਸ ਹੱਸ ਕੇ
ਨੀਹਾਂ ਨੂੰ ਪੱਕਿਆਂ ਕਰਨ ਲਈ
ਉਹ ਆਪਣੀ ਚਰਬੀ ਪਾਉਂਦੇ ਨੇ।
ਚਮਨ ਬਹਾਰ ਲਿਆਉਣ ਲਈ
ਜਿੱਥੇ ਡੁੱਲ੍ਹਦਾ ਖ਼ੂਨ ਸ਼ਹੀਦਾਂ ਦਾ
ਉਹ ਧਰਤੀ ਮਹਿਕਾਂ ਵੰਡਦੀ ਏ
ਤੇ ਲੋਕੀ ਸੀਸ ਝੁਕਾਉਂਦੇ ਨੇ।

●

## ਕਰਨੈਲ ਸਿੰਘ 'ਪਾਰਸ' ਰਾਮੂਵਾਲੀਆ

### ਲੇਲੜੀਆਂ

ਹਾਪਕਿਨਸਨ ਥੋਡੇ ਕਹੇ ਤੇ ਪ੍ਰੇਰਨਾ ਤੋਂ
ਗੋਲੀ ਮੈਂ ਚਲਾਈ ਸਰਕਾਰ
ਸਖ਼ਤ ਕਦਮ ਪੁੱਟਦੋਂ ਜੇ ਅੱਜ ਖੁੰਝ ਜਾਂਦਾ
ਏਨ੍ਹਾਂ ਸੀ ਭੁਲਾਉਣਾ ਮੈਨੂੰ ਪਾਰ
ਜਾਂਦਾ ਸਿੱਖ ਟੈਂਪਲ ਜੇ ਦਿੰਦੇ ਨਾਲ ਘ੍ਰਿਣਾ ਦੇ
ਕੁਤਿਆਂ ਦੇ ਵਾਂਗ ਦੁਰਕਾਰ
ਕਰਕੇ ਮੂੰਹ ਕਾਲਾ ਲੱਗੇ ਕਹਿਣੇ ਸੀ ਗ਼ੱਦਾਰ ਪਾਉਣ
ਗਲ ਮੇਰੇ ਜੁੱਤੀਆਂ ਦਾ ਹਾਰ
ਗ਼ਦਰੀ ਗਰੁੱਪ ਨੇ ਜਿਉਣਾ ਥੋਡੇ ਖ਼ਾਦਮ ਦਾ
ਕਰ ਛੱਡਿਆ ਸੀ ਦੁਸ਼ਵਾਰ
ਆਦਮੀ ਇੰਨ੍ਹਾਂ ਦੇ ਸਾਡੇ ਨਿੱਜ ਦੇ ਸੰਬੰਧੀਆਂ ਨੂੰ
ਇੰਡੀਆ 'ਚ ਕਰਦੇ ਖ਼ੁਆਰ
ਨਿਮਕ-ਹਲਾਲ ਸੂਹੀਏ ਆਪਣੇ ਦੋ ਮੇਰੇ ਸਾਥੀ
ਦਿਨ ਦੀਵੀਂ ਮਾਰੇ ਲਲਕਾਰ
ਵੱਡਿਆਂ ਸਮਾਗਮਾਂ 'ਚ ਪੜ੍ਹਦੇ ਨੇ ਗਿੱਧ ਗਿੱਧ
ਗ਼ਦਰ ਦੀ ਗੂੰਜ ਅਖ਼ਬਾਰ
ਕਹਿੰਦੇ ਕਿਉਂ ਕਰਨ ਅੰਗਰੇਜ਼ ਰਾਜ ਸਾਡੇ ਉੱਤੇ
ਲੰਘਕੇ ਸਮੁੰਦਰਾਂ ਤੋਂ ਪਾਰ
ਭਾਰਤ 'ਚ ਅੱਪੜਕੇ ਗ਼ਦਰ ਮਚਾਉਣ ਦੀਆਂ
ਸਾਜ਼ਿਸ਼ਾਂ ਨੇ ਹੁੰਦੀਆਂ ਤਿਆਰ
ਚੋਰੀਓਂ ਜਹਾਜ਼ ਭਰ ਹਿੰਦ ਵਿੱਚ ਭੇਜਣੇ ਨੂੰ
ਜਮ੍ਹਾਂ ਕੀਤੇ ਪਏ ਹਥਿਆਰ
ਘੜੀ ਦੇ ਬਗ਼ਾਵਤ ਦੇ ਨਿੱਤ ਨਵੇਂ ਮਨਸੂਬੇ
ਸੇਵਕ ਤੋਂ ਹੋਏ ਨਾ ਸਹਾਰ
ਭਾਰਤ ਦੀ ਬੇੜੀ ਚਾਹਾਂ ਡੋਬਣੀ ਬਗੈਰ ਪਾਣੀ
ਬੇੜੀ ਕਿਸ਼ਤੀ ਦਾ ਅਸਵਾਰ
ਅੰਨ ਦਾਤੇ ਮਾਲਕਾਂ ਦਾ ਕੂਕਰ ਦਰਾਂ ਦਾ ਦਾਸ
ਝੱਲੂੰ ਦੁੱਖ ਦੇਹੀ ਤੇ ਹਜ਼ਾਰ
ਪਿਛਲੇ ਜਨਮ ਦਾ ਹੈ ਰਹਿਆ ਹੱਡਾਂ 'ਚ ਮੇਰੇ
ਖਾਧਾ ਵਾ ਹਜ਼ੂਰ ਤੋਂ ਉਧਾਰ
ਦਮਾਂ ਤੋਂ ਬਗੈਰ ਕਰੂੰ ਚਾਕਰੀ ਉਮਰ ਸਾਰੀ
ਆਪ ਜੀ ਦੀ ਉੜਦ ਬਾਜ਼ਾਰ
ਏਨ੍ਹਾਂ ਦੀਆਂ ਜ਼ਰਾ ਜ਼ਰਾ ਜਿੰਨੀਆਂ ਹਰਕਤਾਂ ਤੋਂ
ਥੋਨੂੰ ਰੱਖਦੈਂ ਖ਼ਬਰਦਾਰ
ਬਾਦਸ਼ਾਹ ਸਲਾਮਤ ਤੇ ਤਾਜ ਬਰਤਾਨੀਆਂ ਦਾ
'ਪਾਰਸਾ' ਮੈਂ ਬੇਲਾ ਵਫ਼ਾਦਾਰ।

●

## ਕੁਲਵੰਤ ਸਿੰਘ ਸਹੋਤਾ

### ਜਨਮ ਦਿਨ

ਐ ਮੇਰੇ ਬੱਚੇ
ਤੇਰਾ ਅੱਜ ਪਹਿਲਾ ਜਨਮ ਦਿਨ
ਤੇਰੇ ਜਨਮ ਤੇ ਵੀ
ਮੈਂ ਕੋਈ ਰੰਗ ਬਰੰਗੀ
ਚਮਕ ਦਮਕ ਵਾਲੀ
ਦੇਖ ਦਿਖਾਵੇ ਦੀ ਲੈਂਦਾ ਬਾਜ਼ੀ
ਕਰਨ ਦਾ ਅੱਡੀਆਂ ਚੁੱਕ
ਫਾਹਾ ਨਹੀਂ ਸੀ ਲਿਆ
ਖ਼ਿਆਲ ਮੇਰੇ ਮਨ 'ਚ ਸੀ
ਮੇਰਾ ਲਾਲ ਜੰਮਿਆ
ਹਾਂ ਉਸੇ ਵਕਤ ਉਸੇ ਦਿਨ
ਦੁਨੀਆਂ ਦੇ ਕੋਨੇ ਕੋਨੇ 'ਚ
ਹੋਰ ਵੀ ਅਨੇਕਾਂ ਲਾਲ
ਜਨਮੇਂ ਹੋਣਗੇ
ਤੂੰ ਤੇ ਤੇਰੀ ਅੰਮਾਂ
ਸਰੀ ਮੈਮੋਰੀਅਲ
'ਚ ਪਏ ਸੀ
ਪਤਾ ਨਹੀਂ ਕਿੰਨਿਆਂ ਨੂੰ
ਟੁੱਟੀ ਕੋਣ ਵਾਲਾ
ਮੰਜਾ ਵੀ ਨਸੀਬ ਨਹੀਂ ਹੋਇਆ
ਹੋਣਾਂ
ਤੂੰ ਆਪ ਸੋਚੀਂ
ਕਿਤੇ ਸਮਝ ਪਈ ਤਾਂ
ਆਪਣੇ ਤੇ ਉਹਨਾਂ 'ਚ ਫ਼ਰਕ
ਅੱਜ ਤੂੰ ਸਾਲ ਦਾ ਹੋ ਗਿਐਂ
ਉਹੋ ਖ਼ਿਆਲ ਮੁੜ ਆਉਂਦੇ
ਜਦੋਂ ਤੂੰ ਜੰਮਿਆਂ ਸੈਂ
ਤੇਰੀ ਪਹਿਲੀ ਸਾਲ ਗਿਰ੍ਹਾ
ਕੇਕ ਉਪਰ ਮੋਮਬੱਤੀਆਂ ਗੱਡ
ਨੇੜੇ ਤੇੜਿਓਂ
ਸਾਕ-ਸੰਬੰਧੀ, ਮਿੱਤਰ ਦੋਸਤ
ਸੱਦ ਨਹੀਂ ਮਨਾਈ
ਕਿਤੇ ਇਹ ਨਾ ਸੋਚੀਂ
ਤੂੰ ਮੈਨੂੰ ਪਿਆਰਾ ਘੱਟ ਏਂ
ਇਹ ਵੀ ਨਾ ਸੋਚੀਂ
ਮੈਂ ਖਰਚ ਕਰਨੋਂ ਡਰ ਗਿਆਂ
ਛੋਲਿਆਂ ਤੇ ਮੀਟ ਦੇ
ਭਰੇ ਪਤੀਲੇ ਸਮੇਤ
ਦੋ ਬੋਤਲਾਂ ਸ਼ਰਾਬ ਦਾ ਖਰਚ
ਤਾਂ ਨਿਉਂਦੇ ਤੇ ਆਏ
ਸੱਜਣਾਂ ਦੇ ਦਿੱਤੇ ਡਾਲਰਾਂ ਨਾਲ ਹੀ
ਪੂਰਾ ਹੋ ਜਾਣਾ ਸੀ
ਹੁਣ ਸੋਚੇਂਗਾ ਤੂੰ
ਸਿਰ ਤੇ ਕੁੱਪੇ ਲਾ
ਜਨਮ ਦਿਨ ਮਨਾਉਣੇ
ਮੈਂ ਕਿਉਂ ਝਿਜਕਿਆ ਹਾਂ?

. . .   . . .

ਜਿੱਥੇ ਤੇਰੇ ਜਨਮ ਦਿਨ ਤੇ
ਅੰਤਾਂ ਦੀ ਖ਼ੁਸ਼ੀ ਮੈਨੂੰ ਏ
ਉੱਥੇ ਉਨ੍ਹਾਂ ਦੇ ਜਨਮ ਦਿਨ ਤੇ
ਆਈ ਗੰਭੀਰ ਸੋਚ

(ਬਾਕੀ ਕਵਿਤਾ 'ਲੇਲੜੀਆਂ' ਦੇ ਅੰਤ ਵਿੱਚ)

(ਜਨਮ ਦਿਨ/ਕ.ਸ. ਸਹੋਤਾ 'ਦੀ ਬਾਕੀ)

ਝੰਜੋੜਦੀ ਵੀ ਏ
ਕਿ
ਕਿੰਨਾ ਫ਼ਰਕ ਏ
ਜਨਮ ਦਿਨ
ਤੇ
ਜਨਮ ਦਿਨ 'ਚ

●

## ਗੁਰਚਰਨ ਰਾਮਪੁਰੀ

### 1. ਕਿਤਾਬ

ਰੂਪ ਰੱਬੀ ਧਾਰ ਆ ਪਹੁੰਚੀ ਕਿਤਾਬ
ਹੱਕ ਦੀ ਤਲਵਾਰ ਦੀ ਮੋਹਰੀ ਬਣੀ
ਫੇਰ ਪਰ ਤਲਵਾਰ ਦਾ ਮੋਹਰਾ ਬਣੀ

ਏਸ ਨੇ ਪਰਚਾਰਿਆ ਜੱਗ ਨੂੰ ਤਿਆਗ
ਐਪਰ ਇਸਦਾ ਖ਼ਸਮ ਗੱਦੀਦਾਰ ਬਣਕੇ ਬਹਿ ਗਿਆ;
ਉਸਦਾ ਵਿਭਚਾਰ ਵਧਿਆ ਰੋਜ਼
ਉਸ ਜੋ ਮਿਲਖ ਸਾਂਭੀ ਸੱਤੇ ਹੱਕੀ ਹੋ ਗਈ,
ਕਹਿਰ ਮੂਰਖ ਦੇ ਨੂੰ ਇਸਨੇ ਰੱਬ ਦੀ ਮਰਜ਼ੀ ਕਿਹਾ।

ਜ਼ੁਲਮ ਦੀ ਕਾਲ਼ੀ ਹਨੇਰੀ ਰਾਤ ਨੂੰ
ਸ਼ਬਦ ਦੀ ਚੰਡੀ ਚਮਕ ਪਈ,
ਸੱਚ ਦੇ ਪਹਿਰੇ ਖੜ੍ਹੇ ਨੇ
ਬੰਦ ਸ਼ਰਧਾਵਾਨ ਨੈਣਾਂ ਵਿੱਚ ਚਾਨਣ ਦੀਆਂ ਛਮਕਾਂ ਮਾਰੀਆਂ
ਦਾਸ ਦੇ ਡੌਲ਼ੀਂ ਲੁਕੀ ਸ਼ਕਤੀ ਜਗਾਈ
ਜਿਨ੍ਹੇ ਉੱਠ ਹੱਕਾਂ ਦੀ ਦੇ ਦਿਤੀ ਦੁਹਾਈ।

ਨਵੇਂ ਦਰਸ਼ਨ ਦੇ ਸਹਾਰੇ
ਕੱਲ ਜੋ ਗੱਦੀ ਤੇ ਬੈਠ,
ਜੀਹਨੇ ਪੁਸਤਕ ਸਾਹਮਣੇ ਮੱਥੇ ਘਸਾਏ
ਵਾਕ ਲੈ ਜੀਹਦੇ 'ਚੋਂ ਪੰਡਤਾਂ ਉਸਨੂੰ ਸੀ ਤਿਲਕ ਦਿੱਤਾ
ਉਸ 'ਪੁਸਤਕ ਦੇ ਵਪਾਰੀ' ਨੇ ਹੀ ਉਸਨੂੰ ਸਾੜਿਆ।
ਕਿਸੇ ਗੱਦੀਦਾਰ ਨੂੰ ਵੀ ਜਾਗਿਆ ਮਾਨਵ ਨਾ ਭਾਏ
ਉਸਨੇ ਕਾਨੂੰਨ ਦੇ ਕੁੱਤੇ ਸ਼ਬਦ ਪਿੱਛੇ ਭਜਾਏ;
ਮਹਿਲ ਦੇ ਨ੍ਹੇਰੀਂ ਜਿਉਂਦੇ
ਉਸ ਅਭਿਮਾਨੀ ਨੂੰ ਐਪਰ ਖ਼ਬਰ ਨਹੀਂ ਹੈ
ਕੌਣ ਅਵਿਨਾਸ਼ੀ ਨੂੰ ਮਾਰੇ
ਸ਼ਬਦ ਆਪ ਅਕਾਲ ਹੈ।
●

### 2. ਗੀਤ

ਗੀਤ ਕਹਿੰਦੀ ਹੈ ਮਰਨ ਵਾਲੇ ਦੇ ਗੁਣ ਗਾਇਨ ਕਰੋ,
ਐਬ ਉਸਦੇ ਨਾਲ ਹੀ ਕੱਫਣ ਦੇ ਹੇਠਾਂ ਦਬ ਦਿਓ
ਮਨ 'ਚ ਪਰ ਉਠਦੇ ਸਵਾਲ
ਬੁਝ ਰਹੀ ਅਗਨੀ ਸਿਵੇ ਦੀ ਲਾਟ ਬਣ ਬਣ ਭੜਕਦੀ

ਏਹੋ ਪੱਛਮ ਸੁਰ 'ਚ ਮੰਤਰ ਪੜ੍ਹ ਰਹੇ ਪੰਡਤ ਉਹੀ ਹਨ
ਜਿਨ੍ਹਾਂ ਸ਼ਾਹ ਦੀ ਅੱਖ ਮੈਲੀ ਕਹਿਰਵਾਨ
ਜਬਰ ਦੇ ਆਦੇਸ਼ ਤੋਂ ਪਹਿਲਾਂ ਹੀ
ਆਪਣੀ ਜੀਭ ਕੱਟ ਦਰਬਾਰ ਜਾਕੇ ਪੇਸ਼ ਕੀਤੀ।

ਇਸ ਜਨਾਜ਼ੇ ਵਿੱਚ ਉਹ ਸ਼ਾਮਿਲ ਨਹੀਂ ਹਨ
ਲਾਸ਼ ਜਿਨ੍ਹਾਂ ਦੀ ਸੜੀ ਬੇਕਫ਼ਨ ਰਾਹ ਤੇ,
ਕਾਤਲਾਂ ਦੇ ਕਹਿਰ ਤੋਂ ਡਰਦੇ ਸੰਬੰਧੀ
ਜਿਨ੍ਹਾਂ ਦੀ ਪਹਿਚਾਣ ਖ਼ਾਤਰ ਵੀ ਨਾ ਆਏ।
ਨਾ ਹੀ ਉਹ ਪਤਵੰਤੀਆਂ ਇਸ ਭੀੜ ਅੰਦਰ
ਜਿਨ੍ਹਾਂ ਸਾਲੂ ਨਾ ਹੰਢਾਏ;
ਜੋ ਅਚਾਨਕ ਲਾਪਤਾ ਹੋਕੇ ਮਹਿਲ ਵਿੱਚ ਪਹੁੰਚੀਆਂ
ਖੰਜਰੋਂ ਪਹਿਲਾਂ ਦੀ ਇੱਕ ਆਥਣ ਦੀਆਂ ਪਟਰਾਣੀਆਂ।

ਏਸ ਮੇਲੇ ਵਿੱਚ ਬੱਸ ਉਹ ਸਾਧ ਆਏ
ਜੋ ਸਮਗਲਿੰਗ ਤੋਂ ਪਿਛਾਂ
ਜੇਜ਼ ਮਾਇਆ ਦਾ ਕਦਾਚਿਤ ਨਾ ਕਬੂਲਣ

ਅੱਜ ਸ਼ਾਹ ਦੀ ਮੌਤ ਤੇ ਉਹ ਅੱਖ ਰੋਈ
ਇੱਕ ਇਸ਼ਾਰੇ ਤੇ ਜਿਦ੍ਹੇ ਸੈਆਂ ਮਰੇ
ਜਿਦ੍ਹੀ ਕੁੱਖੋਂ ਕਦੇ ਅੱਥਰੂ ਨਾ ਸਰੇ।

ਗੀਤ ਕਹਿੰਦੀ ਹੈ ਮਰਨ ਵਾਲੇ ਦੇ ਗੁਣ ਗਾਇਨ ਕਰੋ
ਉਸਦੇ ਵਿਭਚਾਰ ਉਸਦੇ ਰੋਜ਼ ਜਾਣੋ,
ਜ਼ੁਲਮ ਨੂੰ ਲੋਹਪੁਰਸ਼ ਦਾ ਤਪ ਤੇਜ ਆਖੋ,
ਛਲ ਕਪਟ ਨੂੰ ਆਖਕੇ ਨੀਤੀ ਸ਼ਿੰਗਾਰੋ,
ਸ਼ੇਰ ਦੀ ਖੱਲ ਵਿੱਚ ਮੜ੍ਹੋ ਮੂਰਖ ਗਧੇ ਨੂੰ
ਗੀਤ ਕਹਿੰਦੀ ਹੈ ਮਰਨ ਵਾਲੇ ਦੇ ਗੁਣ ਗਾਇਨ ਕਰੋ।
●●

## ਗਿੱਲ ਮੋਰਾਂਵਾਲੀ

### 1. ਗ਼ਜ਼ਲ

ਟੁਕੜੇ ਟੁਕੜੇ ਜੇਰਾ ਹੈ।
ਤੇਰਾ ਹੈ ਕੁਝ ਮੇਰਾ ਹੈ।

ਮਨ ਦੇ ਸਾਥੀ ਘੱਟ ਮਿਲਦੇ,
ਤਨ ਦਾ ਵਣਜ ਬਥੇਰਾ ਹੈ।

ਚਾਰ ਚੁਫੇਰੇ ਚਾਨਣ ਹੈ,
ਸਾਡੇ ਕੋਲ ਹਨੇਰਾ ਹੈ।

ਇਹ ਨਾ ਮਰਨੇ ਤਾਈਂ ਮੁਕਣੇ,
ਗ਼ਮ ਦਾ ਸਾਥ ਬਥੇਰਾ ਹੈ।

ਗ਼ਮ ਨਾ ਕਰ 'ਗਿੱਲ' ਮਰਨੇ ਦਾ,
ਸਭ ਜਗ ਰੈਣ ਬਸੇਰਾ ਹੈ।
●

### 2. ਗ਼ਜ਼ਲ

ਸਾਨੂੰ ਤਾਂ ਸੁਧ ਸਾਰ ਨਹੀਂ।
ਰਾਜ਼ੀ ਸਾਡਾ ਯਾਰ ਨਹੀਂ।

ਕੋਈ ਕਿਉਂ ਸਤਿਕਾਰ ਕਰੇ,
ਕਿਧਰੇ ਵੀ ਸਤਿਕਾਰ ਨਹੀਂ।

ਆਸ ਰੱਖੋ ਨਾ ਜਿੱਤਣ ਦੀ,
ਜੇ ਅਪਣਾਈ ਹਾਰ ਨਹੀਂ।

ਨਖ਼ਰਾ ਹੀ ਬੱਸ ਨਖ਼ਰਾ ਹੈ,
ਉਸਦੇ ਕੋਲ ਪਿਆਰ ਨਹੀਂ।

ਬੰਦਾ ਉਹ ਕੀ ਬੰਦਾ ਹੈ,
ਜਿਸਦਾ ਇਕ ਵੀ ਯਾਰ ਨਹੀਂ।

ਆਣੇ ਸੀ 'ਗਿੱਲ' ਆਏ ਦਿਨ,
ਕੋਈ ਵੀ ਗ਼ਮਖਾਰ ਨਹੀਂ।
●●

## ਜੋਗਿੰਦਰ ਚੀਮਾ

### ਸਰਾਪੀ ਕੁਦਰਤ

ਅੱਜ ਦਾ ਸੂਰਜ ਕਿਉਂ ਨਾ ਚਮਕੇ
ਚੰਨ ਚਾਨਣੀ ਕਾਲੀ ਕਿਉਂ
ਕਿਉਂ ਬਹਾਰਾਂ ਪੱਤਝੜ ਬਣੀਆਂ
ਅੱਜ ਦੇ ਬਾਗ ਵਿਰਾਨੇ ਕਿਉਂ
ਅੱਜ ਹਵਾ 'ਚੋਂ ਬੋ ਕਿਉਂ ਆਉਂਦੀ
ਅੱਜ ਦੇ ਬੱਦਲ ਪਿਆਸੇ ਕਿਉਂ
ਸਾਗਰ ਕਿਉਂ ਤੂਫ਼ਾਨ ਮਚਾਇਆ
ਪਰਬਤ ਲਹੂ ਲੁਹਾਣ ਹੈ ਕਿਉਂ
ਨਦੀ ਆਪਣੀ ਮੰਜ਼ਿਲ ਖੋ ਗਈ
'ਕੱਲਾ ਰੁੱਖ ਉਜਾੜੀਂ ਕਿਉਂ
ਕੱਲ੍ਹ ਦੀ ਕੁਦਰਤ ਖਿੜ ਖਿੜ ਹੱਸੀ
ਅੱਜ ਦੀ ਕੁਦਰਤ ਸਰਾਪੀ ਕਿਉਂ

●

## ਜਗਦੇਵ ਜਟਾਣਾ

### 1. ਸ਼ਾਂਤ ਜਗ੍ਹਾ

ਫੱਟਿਆਂ ਦੀ ਠੱਕ ਠੱਕ
ਪਲੇਨਰ ਦੀ ਕੰਨ ਪਾੜਵੀਂ ਆਵਾਜ਼
ਆਰਿਆਂ ਦੀ ਚਿਰੀਂ ਚਿਰੀਂ
ਕਰਦੀ ਹੈ ਪੈਦਾ ਬੇਸੁਰਾ ਤਾਲ।
ਫੋਰਮੈਨ ਦੀ ਚੁਪੀਤੀ ਆਮਦ
ਬਿਨਾਂ ਕਾਰਣ ਨੋਕਾ ਟੋਕੀ
ਸਾਰੀ ਕੀਤੀ ਕਰਾਈ ਤੇ
ਫੇਰ ਜਾਂਦੀ ਹੈ ਪਾਣੀ।
ਦੁਖੀ ਮਨ ਲਭਦਾ ਹੈ ਸ਼ਾਂਤੀ
ਇਸ ਰੌਲੇ ਰੱਪੇ ਤੋਂ ਦੂਰ
ਕੁਝ ਪਲਾਂ ਲਈ ਇਕਾਂਤ।
ਕਦਮ ਖੁਦ-ਬ-ਖੁਦ
ਵਧ ਜਾਂਦੇ ਹਨ ਘਰ ਵੱਲ।
ਮੁੱਕੀ ਗਰੋਸਰੀ ਦਾ ਸੰਦੇਸ਼
ਬੱਚਿਆਂ ਦੀਆਂ ਮੰਗਾਂ
ਪਤਨੀ ਦੇ ਹੱਥ ਵਿੱਚ
ਦੇਸੋਂ ਆਇਆ ਮਾਂ ਪਿਉ ਦਾ ਪੱਤਰ
ਦਰਵਾਜ਼ੇ ਵਿੱਚ ਹੀ ਕਰਦਾ ਹੈ
ਸਵਾਗਤ।
ਪੱਤਰ ਹੀ ਕਿਸੇ ਵਜ਼ੀਰ ਨੂੰ
ਦਿੱਤੇ ਗਏ ਮਾਣ-ਪੱਤਰ ਵਰਗਾ
ਜੋ ਮਾਣ ਨਾਲੋਂ ਮਾਂਗ-ਪੱਤਰ ਬਹੁਤਾ ਹੁੰਦੈ।
ਸਭ ਮਿਲਕੇ ਪਾਉਂਦੇ ਹਨ ਮਾਤ
ਪਲੇਨਰ ਦੇ ਬੇ-ਸੁਰੇ ਤਾਲ ਨੂੰ।
ਸੋਚਾਂ ਦਾ ਘੋੜਾ ਜਾਂਦਾ ਹੈ ਰੁਕ
ਦਿਮਾਗ਼ ਹੁੰਦਾ ਹੈ ਇਨਕਾਰੀ
ਇਹੋ ਜਿਹੀ ਸ਼ਾਂਤ ਤੇ ਇਕਾਂਤ ਜਗ੍ਹਾ
ਲੱਭਣ ਤੋਂ।

●

### 2. ਅਰਸ਼ ਤੇ ਫ਼ਰਸ਼

ਪੱਛਮ ਦੀ ਸੁੰਦਰਤਾ
ਮਾਨਣ ਦੀ ਖ਼ਾਹਸ਼
ਅੰਦਰੇ ਦਮ ਤੋੜ ਗਈ
ਜਦ ਆਇਆ ਸਾਹਮਣੇ
ਰੋਟੀ ਦਾ ਸਵਾਲ!
ਦੇਸ਼ੋਂ ਤੁਰਨ ਲੱਗਿਆਂ
ਜੋ ਮਨ ਤੇ ਸਵਾਰ ਸੀ
ਦਿਲ ਵਿਚ ਨਹੀਂ ਆਇਆ
ਕਦੀ 'ਮੇਮਾਂ' ਦਾ ਖ਼ਿਆਲ!
ਅੱਖਾਂ ਤੋਂ ਪਰਦਾ ਲਹਿ ਗਿਆ
ਡਾਲਰਾਂ ਦੀ ਚਮਕ ਦਾ
ਮਿੱਲਾਂ ਦੇ ਗੇੜੇ ਕੱਢਦਿਆਂ
ਹੋਇਆ ਡਾਢਾ ਮੰਦੜਾ ਹਾਲ!
'ਨੋ ਜਾਬ' ਦਾ ਸਪੋਲੀਆ
ਸੱਧਰਾਂ ਨੂੰ ਹਰਦਮ ਡੰਗਦਾ
ਵਿੰਨ ਜਾਂਦੇ ਰਾਹਾਂ ਵਿੱਚ
ਘਿੱਲੀਆਂ ਨਿਗਾਹਾਂ ਦੇ ਤੀਰ!
ਅਰਸ਼ੋਂ ਸਾਂ ਡਿੱਗਿਆ
ਫਸਿਆ ਖਜੂਰ ਵਿੱਚ
ਕਿਵੇਂ ਜਾਣਾ
ਹੋਊ ਕੀ ਅਖ਼ੀਰ?

●●

## ਜਰਨੈਲ ਸਿੰਘ

### ਫਿਰ ਹਨੇਰਾ ਕੀ ਕਰੇਗਾ?

ਸੋਚ ਚੜ੍ਹੀ ਕਲਪਨਾ ਦੇ ਖੰਭੀਂ
ਜ਼ਿਹਨ ਵਿੱਚ ਆਉਣ ਵਾਲੇ ਜੁਗਾਂ ਦਾ
ਖ਼ਾਬ ਆਇਆ
ਕਾਲੀ ਰਾਤ ਜਹੀ ਪੁੱਛ ਕਟੀ
ਮੇਰੇ ਸਵਾਲ ਦਾ
ਜਵਾਬ ਆਇਆ
ਜੋ ਗਰਦਸ਼ ਆਸਮਾਂ 'ਚ
ਸਾਡੀ ਹਰਕਤ ਦੀ ਧੂੜ
ਤਲਵਾਰ ਦਸਤ ਵਿਚ
ਜ਼ਿਹਨ ਵਿਚ ਕੋਹ-ਤੂਰ
ਸਮਾਇਆ ਕੀ ਕਰੇਗਾ?
ਜਦ ਮਿਹਨਤ ਦੀ ਅੱਖ 'ਚ
ਸੂਝ ਦਾ ਨੂਰ ਆਇਆ
ਹਨੇਰਾ ਕੀ ਕਰੇਗਾ?
ਜਦ ਅਗਨੀ ਦਾ ਸੂਰਜ
ਬਾਹਾਂ ਦਾ ਏਕਾ-ਬਲ
ਏਸ਼ੀਆ, ਅਫ਼ਰੀਕਾ 'ਚ
ਲੈ ਜਮਾਤੀ- ਜੰਗ ਦੇ
ਆਜ਼ਾਰ ਆਇਆ
ਹਨੇਰਾ ਕੀ ਕਰੇਗਾ?
ਫ਼ਲਸਤੀਨੀ, ਲਾਤੀਨੀ
ਹੱਕ ਲਈ ਜੂਝਦੇ ਜਦੋਂ
ਕ੍ਰਾਂਤੀ ਦੇ ਪੁਜਾਰੀ
ਕਦਮ ਅਗਾਂਹ ਧਰਦੇ ਜਦੋਂ
ਜਦ ਕ੍ਰਾਂਤੀ ਦਾ ਫ਼ਲਸਫ਼ਾ
ਬਣ ਜ਼ਿਹਨ ਤੇ ਜਿਸਮ ਦੀ
ਢਾਲ ਆਇਆ
ਹਨੇਰਾ ਕੀ ਕਰੇਗਾ?
ਹਨੇਰਾ ਕੀ ਕਰੇਗਾ?
ਸਰਘੀਆਂ ਦੇ ਸਿਰ ਚੜ੍ਹ
ਲੜ ਮਰੇਗਾ
ਕਿ ਚਾਨਣ ਦੇ ਸਨਮੁਖ ਹੋ
ਡੁੰਧਿਆ ਮਰੇਗਾ
ਤੇ ਉਸ ਰਾਤ
ਸਾਮਰਾਜ ਦੀ ਕਬਰ ਤੋਂ
ਚਾਨਣ ਦਾ ਸੂਹਾ ਸੂਰਜ ਚੜ੍ਹੇਗਾ
ਤੇ ਫਿਰ ਹਨੇਰਾ ਕੀ ਕਰੇਗਾ?
ਤੇ ਫਿਰ ਹਨੇਰਾ ਕੀ ਕਰੇਗਾ?

●

## ਤ੍ਰਿਲੋਚਨ ਸਿੰਘ ਗਿੱਲ

### 1. ਅਣਛਪੀ ਕਵਿਤਾ

ਤੁਸੀਂ ਮੈਨੂੰ, ਕਈ ਦਿਨਾਂ ਦੇ
ਅਣਛਪੀ ਕਵਿਤਾ ਦੇਣ ਲਈ
ਕਹਿੰਦੇ ਹੋ।
ਤੁਹਾਨੂੰ ਪਤੈ, ਜਦੋਂ ਮੈਂ ਲਿਖਦਾਂ,
ਉਹ ਛਪ ਜਾਂਦੀ ਹੈ,
ਐਡੀਟਰ ਜੋ ਹੋਇਆ।
ਪਰ ਇਹ ਸ਼ਬਦ
ਰਾਤੀਂ ਸੁਪਨੇ ਵਿੱਚ
ਘੁਲਦੇ ਰਹੇ, ਲਿਖੀਂਦੇ ਰਹੇ,
ਕਿਉਂਕਿ ਆਮ, ਮੈਂ ਲਿਖਣ ਲਈ
ਨਹੀਂ ਲਿਖਦਾ।
ਜਦੋਂ ਕੁਝ ਅੰਦਰੋਂ
ਲਾਵਾ ਉਠਦਾ ਹੈ
ਲਿਖਿਆ ਜਾਂਦਾ ਹੈ
ਇਹ ਵਲਵਲੇ ਦਾ ਵਹਾ
ਓਦੋਂ ਲਿਖਣੋਂ ਰਿਹਾ ਨਹੀਂ ਜਾਂਦਾ
ਗੀਤ ਦੇ ਬੋਲਾਂ ਨੂੰ
ਥਲ ਛਣਕਾਉਣੇ ਹੀ ਪੈਂਦੇ ਹਨ।
ਛੋਟੇ ਹੁੰਦਿਆਂ ਤੋਂ ਮੈਂ
ਪੜ੍ਹਦਾ ਹੀ ਰਿਹਾ ਹਾਂ
ਉਹ ਕੁਝ ਮੈਨੂੰ ਪਸੰਦ ਆਇਆ
ਤੇ ਜੋ ਲਿਖਿਆ ਗਿਆ
ਲਿਖਦਾ ਰਿਹਾ।
ਤੇ ਇਹ ਚੱਕਰ
ਸ਼ਾਇਦ ਜੀਵਨ ਚੱਕਰ ਹੈ।

●

### 2. ਮੇਰੇ...!

ਮੇਰੇ ਦੁਸ਼ਮਣੋਂ,
ਤੁਹਾਡੇ ਲਈ ਵੀ ਸ਼ੁਭ ਇੱਛਾਵਾਂ!
ਇਸ ਲਈ ਕਿ ਸਾਡੇ
ਵੈਰ ਵਿਰੋਧ ਦੂਰ ਹੋਣ
ਅਸੀਂ ਇੱਕ ਦੂਜੇ ਨੂੰ ਸਮਝ ਸਕੀਏ
ਕੋਈ ਸਮਾਂ ਸੀ,

ਮੈਂ ਸੋਚਦਾ ਹੁੰਦਾ ਸੀ
ਕੋਈ ਕਿਸੇ ਦਾ ਕਿਵੇਂ ਵੈਰੀ ਬਣ ਸਕਦਾ ਹੈ?
ਸਾਡੇ ਪਿੰਡ ਵਿੱਚ ਮੇਰਾ ਕੋਈ ਵੈਰੀ ਨਹੀਂ ਸੀ
ਸਾਡੇ ਪ੍ਰਵਾਰ ਦੇ ਵੈਰੀ ਵੀ
ਮੈਨੂੰ ਮੁਸਕ੍ਰਾ ਕੇ ਮਿਲਦੇ ਸਨ
ਸਮਾਂ ਬਦਲ ਗਿਆ
ਮੈਨੂੰ ਕੁਝ ਹੱਕਾਂ ਤੇ
ਹਿਤਾਂ ਲਈ ਲੜਨਾ ਪਿਆ
ਕਈ ਮਿੱਤਰ ਵੈਰੀ ਬਣ ਗਏ
ਜਦੋਂ ਉਹਨਾਂ ਦੇ ਸਵਾਰਥ ਲਈ
ਲਲਕਾਰਿਆ ਗਿਆ
ਮੈਨੂੰ ਬਹੁਤ ਸਾਰੇ ਵੈਰੀ ਦਿਸਣ ਲੱਗੇ
ਜੋ ਆਪਣੀ ਮਾਂ ਬੋਲੀ ਦੇ ਦੋਖੀ ਸਨ
ਜੋ ਦੂਜਿਆਂ ਦੇ ਹੱਕ ਖੋਂਹਦੇ ਸਨ
ਜੋ ਲੋਕ-ਵਿਰੋਧੀ ਸਨ
ਜਿਨ੍ਹਾਂ ਨੂੰ ਕਿਸੇ ਦਾ ਸਤਿਕਾਰ ਨਹੀਂ
ਇਨ੍ਹਾਂ ਲੜਾਈਆਂ ਨੇ
ਮੇਰੇ ਕਿੰਨੇ ਹੀ ਵੈਰੀ ਬਣਾ ਦਿੱਤੇ
ਮੈਂ ਉਹਨਾਂ ਦੀ ਭੁੱਲ ਨੂੰ ਸਮਝਾਉਣ ਲਈ
ਯਤਨ ਵੀ ਕਰਦਾ ਹਾਂ
ਕਿ ਕੌਣ ਕਿਸਦਾ ਵੈਰੀ ਹੈ?
ਇਹ ਤਾਂ ਸਮੇਂ ਤੇ ਸਥਿਤੀ ਦੀ ਗੱਲ ਹੈ
ਹਾਲਾਤ ਤਾਂ ਬਦਲਦੇ ਰਹਿੰਦੇ ਹਨ।
ਇਸ ਲਈ ਮੇਰੇ ਵੈਰੀਓ, ਮੇਰੇ ਦੁਸ਼ਮਣੋ!
ਤੁਹਾਡੇ ਲਈ ਵੀ ਸ਼ੁਭ ਇੱਛਾਵਾਂ!
●●

## ਦਰਸ਼ਨ ਗਿੱਲ

### 1. ਰੇਤ ਦੇ ਘਰ

ਭੁੱਲ ਜਾਂਦੀ ਹੈ
ਜਦ ਸੰਗੀਤ ਨੂੰ
ਆਪਣੀਆਂ ਹੀ
ਪ੍ਰਤੀਧੁਨੀਆਂ ਦੀ ਆਵਾਜ਼

ਤੇ ਜਦ ਆਪਣੇ ਹੀ
ਗੀਤ ਦੇ ਬੋਲ
ਦੇ ਜਾਂਦੇ ਹਨ ਵਿਗੋਚਾ

ਤੇ ਆਪਣੀ ਮਹਿਕ ਹੀ
ਵਟ ਜਾਂਦੀ ਹੈ
ਪਸੀਨੇ ਵਿਚ

ਤੇ ਆਪਣੇ ਹੀ
ਸੱਚ ਦਾ ਅਨਲਹੱਕ ਨਾਅਰਾ
ਦੇ ਜਾਂਦਾ ਹੈ ਤਿਲਾਂਜਲੀ

ਤਾਂ
ਸੰਗੀਤ ਸੁਣਨ ਵਾਲੇ ਨੂੰ
ਗੀਤਾਂ ਦੇ ਆਸ਼ਕ ਨੂੰ
ਮਹਿਕਾਂ ਦੇ ਰਸੀਏ ਨੂੰ
ਸੱਚ ਦੇ ਪੁਜਾਰੀ ਨੂੰ
ਖ਼ਦਸ਼ਾ ਹੋਣ ਲਗਦਾ ਹੈ
ਕਿ
ਰੇਤ ਦੇ ਘਰ ਨਹੀਂ ਬਣਦੇ!
(ਨਵੇਂ ਕਾਵਿ-ਸੰਗ੍ਰਹਿ :
'ਢਲਦੇ ਸੂਰਜ ਦੀ ਸਲਾਮ' ਵਿੱਚੋਂ)
●

### 2. ਭੁਜਾਵਾਂ

ਤੇਰੇ ਚੇਹਰੇ ਤੇ ਖੇਲਦੀ
ਚਾਨਣੀ ਨੂੰ ਕੀ ਕਹਾਂ?
ਹਰ ਤਰਫ਼ ਹੀ
ਧੁੰਦ, ਧੁੰਆਂਧਾਰ ਹੈ!

ਆਰ ਧੁੰਦਲਾ
ਪਾਰ ਧੁੰਦਲਾ
ਬੱਦਲਾਂ ਦੀ ਚਾਲ ਵਿੱਚ
ਮੱਧਮ ਰਵਾਨੀ!
ਧਰਤ ਚਿੱਟੀ,
ਬਰਫ਼ ਚਾਦਰ
ਸੀਤ ਮੌਸਮ
ਜ਼ਰਦ ਜਵਾਨੀ!

ਇਕ ਕਦਮ
ਦੂਜੇ ਤੋਂ ਸੰਗੇ
ਤੁਰਨ ਦੀ ਅਸਮਰੱਥਤਾ।

ਪੈਰਾਂ 'ਚ ਕੜੀਆਂ
ਜ਼ਿਹਨ 'ਚ ਮੇਖਾਂ
ਹੱਥਾਂ 'ਚ ਕੰਬਣ
ਸਾਹਾਂ 'ਚ ਤਿਲਕਣ
ਹੈ ਕੋਈ ਰਸਤਾ?
ਕੀ ਕਲਾਵੇ ਭਰੀਏ?
ਜਿਸਮ 'ਚ ਧਾਗਾ!

ਬਾਹਾਂ ਦੇ ਹਾਰ
ਕਿਵੇਂ ਬਣਾਈਏ?
ਇਕ ਪੂਰਬ ਦੀ ਭੁਜਾ
ਦੂਜੀ ਪੱਛਮ ਦੀ!
●●

## ਦੇਵ ਜਟਾਣਾ

### ਅਰਜ਼ੋਈ

ਝੂਠੇ ਵਾਅਦੇ ਕਰ ਲੈਂਦਾ ਹਾਂ
ਕਹਿਆ ਸੁਣਿਆਂ ਜਰ ਲੈਂਦਾ ਹਾਂ
ਸੌ ਵਾਰੀ ਕੰਨੀਂ ਹੱਥ ਲਾਕੇ
ਉਹੀ ਰਾਹ ਫਿਰ ਫੜ ਲੈਂਦਾ ਹਾਂ!
ਦਿਲ ਨੂੰ ਲੱਖ ਵਾਰੀ ਸਮਝਾਇਆ
ਹੋਰੀਂ ਪਾਸੀਂ ਲਾਉਣਾ ਚਾਹਿਆ
ਪਰ ਸਭ ਕੁਝ ਓਥੇ ਦਾ ਓਥੇ
ਕਈ ਵਾਰੀ ਮੈਂ ਲਾਰਾ ਲਾਇਆ!
ਲੋਕਾਂ ਵਿੱਚ ਚਰਚਾ ਹੋਈ ਜਾਂਦੀ
ਘਰ ਵਿੱਚ ਨਿੱਤ ਕਲੇਸ਼ ਇਹ ਪਾਂਦੀ
ਬੇਸ਼ੱਕ ਇਹ ਜ਼ਹਿਰ ਦੀ ਸ਼ੀਸ਼ੀ
ਪਰ ਮਨ ਮੇਰੇ ਨੂੰ ਭਾਈ ਜਾਂਦੀ!
ਅਮਨ ਮੇਰੇ ਨੂੰ ਭੰਗ ਇਸ ਕੀਤਾ
ਡਾਅਢਾ ਮੈਨੂੰ ਤੰਗ ਇਸ ਕੀਤਾ
ਪੈਸੇ ਪੈਸੇ ਤੋਂ ਆਤੁਰ ਹੋਇਆ
ਰੱਜਕੇ ਮੈਨੂੰ ਨੰਗ ਇਸ ਕੀਤਾ!
ਯਾਰੋ ਮੇਰੀ ਜਾਨ ਛੁਡਾ ਦਿਓ
ਇਸਨੂੰ ਮੇਰੇ ਪਿੱਛੋਂ ਲਾਹ ਦਿਓ
ਤੋਬਾ ਕਰਾਂ ਸ਼ਰਾਬ ਤੋਂ ਮੁੜਕੇ
ਐਸੀ ਸ਼ਕਤੀ ਦੇ ਲੜ ਲਾ ਦਿਓ!
●

## ਦਰਸ਼ਨ ਬੈਂਸ

### ਮਮਤਾ

ਰੋਜ਼ ਵੇਖਦੀ ਹਾਂ ਤੇਰੀਆਂ ਤਸਵੀਰਾਂ
ਚੁੰਮਦੀ ਹਾਂ, ਚੱਟਦੀ ਹਾਂ, ਸੀਨੇ ਨਾਲ ਲਾਉਂਦੀ ਹਾਂ
ਪਰ ਪੁੱਤ! ਤੈਨੂੰ ਵੀ ਕਦੇ ਯਾਦ ਆਈ ਹੈ ਮੇਰੀ?
ਜਦ ਤਾਂ ਕਹਿੰਦਾ ਸੀ "ਮਾਂ! ਮੈਂ ਛੇਤੀ ਆਊਂਗਾ
ਨੈ, ਆਹ ਪਿਆ ਕਨੇਡਾ ਕਿੰਨੀ ਦੂਰ ਤੇਰਾ ਆਲ਼ਾ ਹੈ"
ਲੋਕ ਕਹਿੰਦੇ ਨੇ ਪੁਤ ਤੇਰਾ ਕਨੇਡੀਅਨ ਬਣ ਗਿਆ
ਚੰਗਾ ਪੁੱਤ, ਸੁਖੀ ਰਹੁ!
ਸੱਚ ਹਾਂ, ਬਹੂ ਤੇਰੀ ਗੋਰੀ ਚਿੱਟੀ ਹੋਣੀ ਹੈ
ਸ਼ਾਇਦ ਪਤਾ ਹੋਣੈ ਉਹਨੂੰ ਵੀ
ਰਸਮਾਂ ਆਪਣੀਆਂ ਦਾ
ਕਦੇ ਸੁਣਿਆ ਸੀ ਮੇਮਾਂ ਬਾਰੇ ਜੋ ਵਲੈਤ ਰਹਿੰਦੀਐਂ
ਹੁਣ ਸੁੱਖ ਨਾਲ ਮੇਰੀ ਨੂੰਹ ਵੀ 'ਮੇਮ' ਆ ਗਈ
ਪਰ ਪੁੱਤ ਮੇਰੀਆਂ ਰੀਝਾਂ ...
ਮੇਰੇ ਸੁਪਨੇ ਤੇਰੇ ਨਾਮ ਦੇ...
ਨਾ ਮਹਿੰਦੀ ਹੀ ਲਾਈ, ਨਾ ਤੇਲ ਚੋਇਆ
ਨ ਚੂੜਾ ਹੀ ਪਾਇਆ
ਤੇਰੀ ਬਹੂ ਵਾਸਤੇ ਰੱਖਿਆ ਸੀ ਮੈਂ ਜੋੜਾ ਸਾਂਭਕੇ।
ਪੁਤ ਕਦੇ ਤਾਂ ਲਿਖ 'ਫਲਾਨੇ ਦਿਨ ਆਊਂਗਾ'
ਬਾਪੂ ਤੇਰਾ ਰਹਿੰਦੈ ਆਉਂਦੇ ਜਾਂਦੇ ਕੋਲ ਸੁਨੇਹਾ ਭੇਜਦਾ
ਮਿਲ ਹੀ ਗਿਆ ਹੋਣੈ?
ਸੱਚ ਹਾਂ! ਸ਼ਿੰਦੋ ਆਈ ਸੀ ਪਰਸੋਂ
ਹਾਲ ਪੁਛਦੀ ਸੀ ਤੇਰਾ
ਬੇਟੇ! ਮੈਥੋਂ ਹੁਣ ਕੰਮ ਨਹੀਂ ਹੁੰਦਾ
ਬੈਠਕ ਤੇਰੀ ਦੀਆਂ ਚੀਜ਼ਾਂ ਓਹੀ ਪੂੰਝਦੀ ਐ
ਬਹੁਤ ਚੰਗੀ ਹੈ ਪੁੱਤ
ਰੱਬ ਨੇ ਚੰਦ ਵਰਗਾ ਰੂਪ ਦੀ ਦਿੱਤੈ
ਸੱਚ ਦੱਸੀਂ 'ਮੇਮ' ਤੇ ਸ਼ਿੰਦੋ ਵਿਚਾਲੇ ਦਾ ਫ਼ਰਕ

ਹੋਰ ਪਿੰਡ ਦਾ ਹਾਲ?
ਪਿੰਡ ਵੀ ਓਹੀ ਤੇ ਲੋਕ ਵੀ ਓਹੀ
ਬੱਸ ਸਰਕਾਰੀ ਕਾਗਜ਼ਾਂ ਦੀ ਉੱਥਲ ਪੁੱਥਲ
ਹੁੰਦੀ ਰਹਿੰਦੀ ਐ
ਕਦੇ ਤੇਲ ਦਾ ਭਾਅ, ਕਦੇ ਸਾਬਣ ਦਾ ਭਾਅ
ਜੋ ਖਾਣਾ ਅੰਗਰੇਜ਼ਾਂ ਦੇ ਸਮੇਂ
ਮੁਕਾਇਆਂ ਨਹੀਂ ਸੀ ਮੁਕਦਾ
ਐਵੇਂ ਤਾਂ ਨੀਂ ਬਜ਼ੁਰਗ ਕਹਿੰਦੇ:
'ਭਾਈ ਸਾਨੂੰ ਤਾਂ ਅੰਗਰੇਜ਼ਾਂ ਦਾ ਵੇਲਾ ਹੀ ਚੰਗਾ ਸੀ
ਰੋਟੀ ਤਾਂ ਮਿਲਦੀ ਸੀ ਦੋ ਪਹਿਰ ਦੀ'
ਅਖੇ ਅਜ਼ਾਦੀ ਮਿਲ ਗਈ
ਭਾਈ ਕਾਹਦੀ ਅਜ਼ਾਦੀ?
ਤੂੰ ਆਪੇ ਵੇਖਲੀਂ ਆਕੇ ਸਰਕਾਰ ਆਪਣੀ
ਸੱਚ, ਵੋਟਾਂ ਲੈਣ ਆਏ ਸੀ ਸ਼ਹਿਰੋਂ ਦੋ ਬੰਦੇ
ਕਹਿੰਦੇ ਵੋਟਾਂ ਵਾਲੇ ਦਿਨ ਸੌ ਸੌ ਰੁਪਈਆ ਮਿਲੂਗਾ
ਵੇ ਪੁੱਤ ਭਲਾ ਰੁਪਈਆ ਕਾਹਦਾ?
ਤੇਰੇ ਬਾਪੂ ਨੇ ਤਾਂ ਝਗੜਾ ਹੀ ਪਾ ਲਿਆ ਓਦਣ
ਮਸਾਂ ਤੇਰੇ ਬਾਪੂ ਨੂੰ ਮੈਂ ਖਿੱਚਕੇ ਹਟਾਇਆ
ਭਾਈ ਸਿਆਣੀ ਉਮਰ ਐ
ਲੱਗ ਜਾਂਦੀ ਜੇ ਕਿਤੇ ਥਾਂ ਕੁਥਾਂ?
ਤੂੰ ਵੀ ਕਿਹੜਾ ਸਾਡੀ ਸਾਰ ਪੁੱਛਦੈਂ...?
ਐਵੇਂ ਤਾਂ ਨਹੀਂ ਲੋਕੀ ਆਖਦੇ

ਬਾਕੀ ਸਫ਼ਾ 18 ਤੇ

## ਦਲਜਿੰਦਰ

### 1. ਰਾਤ ਭਰ ਜਾਗਣ ਵਾਲਾ ਬਾਜ਼ਾਰ

ਸੂਰਜ ਥੱਕ ਕੇ ਦੁਮੇਲ ਉਤੇ ਸੌਂ ਗਿਆ ਹੈ
ਰਾਤ ਵੀ ਸੌਂ ਰਹੀ ਹੈ
ਤਾਰਿਆਂ ਦਾ ਟੋਕਰਾ ਮੂਧਾ ਮਾਰ
ਆਪਣੇ ਸਿਰ ਉੱਤੇ
ਬੱਦਲ ਸਮੁੰਦਰ ਕੋਲ
ਪਾਣੀ ਮੰਗਣ ਚਲੇ ਗਏ ਹਨ
ਪਰਿੰਦੇ ਕਦੋਂ ਦੇ ਘਰੇ ਪਰਤ ਆਏ ਹਨ
ਹਰ ਸ਼ੈਅ ਸੌਂ ਗਈ ਹੈ
ਪਰ ਉਨ੍ਹਾਂ ਨੇ ਪੰਜੇਬਾਂ ਬੰਨ੍ਹ ਲਈਆਂ ਹਨ
ਰਾਤ ਭਰ ਜਾਗਣ ਲਈ
ਸ਼ਹਿਰ ਦੇ ਦਿਲ ਵਿੱਚ ਇੱਕ ਬਾਜ਼ਾਰ
ਹੁਣੇ ਸੁੱਤਾ ਉੱਠਿਆ ਹੈ!

●

### 2. ਤੇਰਾ ਨਾਮ ਮੇਰਾ ਨਾਮ

ਸਾਰੀ ਧਰਤੀ ਉੱਤੇ ਸਰਹੱਦਾਂ ਦਾ ਜਾਲ ਹੈ
ਐਨ ਉਸ ਤਰ੍ਹਾਂ
ਜਿਵੇਂ ਕੁਝ ਜ਼ਹਿਰੀਲੇ ਸੱਪ
ਆਇਤਾਂ ਤੇ ਵਰਗਾਂ ਦੀ ਸ਼ਕਲ ਵਿੱਚ
ਮਸਤ ਪਏ ਹੋਣ!

ਇੰਨ੍ਹਾਂ ਸਰਹੱਦਾਂ ਤੋਂ ਪਾਰ ਵਸਦੇ
ਮੇਰੇ ਅਜਨਬੀ ਮਿੱਤਰ
ਮੈਂ ਕਦੇ ਤੈਨੂੰ ਦੇਖਿਆ ਨਹੀਂ
ਪਰ ਮੈਂ ਜਾਣਦਾ ਹਾਂ
ਤੇਰੇ ਨਕਸ਼ ਵੀ
ਬਾਰੂਦ ਮਿਲੀ ਹਵਾ ਵਿੱਚ ਝੁਲਸੇ ਗਏ ਹਨ
ਤੂੰ ਵੀ ਰਾਤਾਂ ਨੂੰ ਤ੍ਰੱਭਕ ਕੇ ਜਾਗ ਪੈਂਦਾ ਹੈਂ
ਜਦੋਂ ਸਰਹੱਦਾਂ ਉਤੇ ਖ਼ੂਨ ਡੁੱਲ੍ਹਦਾ ਹੈ
ਤੈਨੂੰ ਵੀ ਤੇਰੀ ਮਹਿਬੂਬ ਨੇ
ਨਵੇਂ ਵਰ੍ਹੇ ਦੇ ਕਾਰਡ ਉੱਤੇ
ਬੰਦੂਕ ਦੀ ਤਸਵੀਰ ਭੇਜੀ ਹੈ
ਬੰਦੂਕਾਂ ਤੇ ਗੋਲੀਆਂ
ਜੋ ਆਪਣੇ ਲਹੂ ਨਾਲ ਬਣਦੀਆਂ ਹਨ
ਗੋਲੀਆਂ ਜਿੰਨ੍ਹਾਂ ਉੱਤੇ
ਦੁਸ਼ਮਣ ਦਾ ਨਾਮ ਨਹੀਂ ਹੁੰਦਾ
ਸਗੋਂ ਇੱਕ ਸਾਂਝਾ ਨਾਮ ਹੁੰਦਾ ਹੈ
ਜਿਹੜਾ ਤੇਰਾ ਵੀ ਹੋ ਸਕਦਾ ਹੈ
ਮੇਰਾ ਵੀ ਹੋ ਸਕਦਾ ਹੈ।

●●

---

('ਮਮਤਾ/ਰਸ਼ਨ ਬੈਂਸ' ਦੀ ਬਾਕੀ)

ਕਦੋਂ ਆਉਂਦੇ ਨੇ ਵਲੈਤੋਂ ਮੁੜਕੇ?
ਅੱਛਾ ਪੁੱਤ, ਤੇਰੀ ਮਰਜ਼ੀ ਐ
ਜਿਥੇ ਵਸੇਂ ਸੁਖੀ ਵਸੇਂ
ਤੂੰ ਸਾਡਾ ਫ਼ਿਕਰ ਨਾ ਕਰੀਂ...।

●

## ਨਰਿੰਦਰ ਭਾਗੀ

### 1. ਆਦਮੀਅਤ ਦਾ ਦਰ

ਜੇ ਅੱਜ ਮੇਰੇ ਗੀਤਾਂ 'ਚੋਂ ਹੈ ਮਹਿਕ ਆਉਂਦੀ
ਜ਼ਰੂਰੀ ਨਹੀਂ ਗੱਲ ਬਾਗ਼ਾਂ ਦੀ ਹੋਵੇ।
ਬਹੁਤ ਵਾਰ ਰੋਣੇ ਲਈ ਹੱਸਣਾ ਹੈ ਪੈਂਦਾ
ਕਈ ਵਾਰ ਖ਼ੁਸ਼ੀਆਂ 'ਚ ਵੀ ਅੱਖ ਰੋਵੇ।

ਮੈਂ ਪਲਿਆ ਹਾਂ ਜੰਗਲ 'ਚ ਉਹਨਾਂ ਪਲਾਂ ਦੀ
ਜੋ ਛੱਡ ਜਾਂਦੇ ਚਿਹਰੇ ਤੇ ਸਦੀਆਂ ਦੀ ਧੁੱਪ ਨੂੰ।
ਬਹੁਤ ਵਾਰ ਪੂੰਝੀ ਹੈ ਅੱਖ ਭੁੱਖੀ ਮਾਂ ਦੀ
ਕਿਸੇ ਨੇੜੇ ਖੂੰਜੇ ਲੁਕੋ ਕੇ ਆਪਣੀ ਭੁੱਖ ਨੂੰ।

ਖੜੋ ਕੇ ਦਰਿੰਦਿਆਂ ਦੀ ਇਸ ਭੀੜ ਅੱਗੇ
ਬਹੁਤ ਵਾਰ ਮੰਗ ਚੁੱਕਾ ਹਾਂ ਆਪਣੇ ਹੱਕ ਨੂੰ।
ਹਰਿਕ ਵਾਰ ਡਿੱਗਿਆ ਹਾਂ ਮੂੰਹ ਭਾਰ ਆਪਣੇ
ਨ ਸੁਣਦਾ ਨ ਦਿਸਦਾ ਇਹ ਗੂੰਗੀ ਮਲੱਖ ਨੂੰ।

ਅਜੇ ਤੀਕ ਹੈ ਯਾਦ ਹੱਡਾਂ ਨੂੰ ਮੇਰੇ
ਹਰਿਕ ਪੈਰ ਦਾ ਭਾਰ ਜੋ ਮੈਥੋਂ ਲੰਘਿਆ।
ਖੌਰੇ ਜੀ ਰਿਹਾ ਹਾਂ ਕਿਨਾਂ ਦੇ ਬਲਾਂ ਤੇ
ਮੈਂ ਹੱਕਾਂ ਦਾ ਆਖੂ ਤੇ ਜੋਸ਼ਾਂ ਦਾ ਡੰਗਿਆ।

ਤਮੰਨਾ ਹੈ ਟੁੱਟੇ ਹੋਏ ਹੱਡਾਂ ਨੂੰ ਰਗੜਾਂ
ਤੇ ਬਣ ਬਿਜਲੀ ਉਚੇ ਜਿਹੇ ਬੁਰਜਾਂ ਤੇ ਉਤਰਾਂ।
ਧਾਰਾਂ ਰੂਪ ਕਾਮੇ ਦੇ ਛਾਲੇ ਦਾ ਇਕ ਦਿਨ
ਇਹ ਤਖ਼ਤਾਂ ਤੇ ਤਾਜਾਂ ਦੀ ਹਿੱਕਾਂ 'ਚੋਂ ਗੁਜ਼ਰਾਂ।

ਮਗਰ ਦੋਸਤਾ ਤੋਣ ਇਹ ਕੀੜਿਆਂ ਦਾ
ਨਹੀਂ ਮੁੱਕਣਾ ਜੋ ਮਾਰੇਂਗੇ ਇਕ ਇਕ ਕਰਕੇ।
ਤੇਰੀ ਬੇਬਸੀ ਤੇ ਨੇ ਇਹ ਮੁਸਕਰਾਉਂਦੇ
ਇਹ ਹਰ ਇੱਟ ਥੱਲੇ ਇਹ ਹਰ ਖੂੰਜੇ ਘੁਰਦੇ।

ਇਹ ਪੈਰਾਂ ਦੀ ਧਰਤੀ ਵੀ ਖਾ ਜਾਣ ਵਾਲੇ
ਨਹੀਂ ਮੁਕਣੇ ਨਿਰੀ ਮਿੱਟੀ ਖੱਡਾਂ ਤੇ ਲਾਇਆਂ।
ਜੇ ਇਸ ਟਿੱਡੀ ਦਲ ਤੋਂ ਹੈ ਪਿੱਛਾ ਛੁਡਾਉਣਾ
ਨਹੀਂ ਸਰਨਾ ਬਿਨਾਂ ਅੱਗ ਮਹਿਲਾਂ ਨੂੰ ਲਾਇਆਂ।

ਜੇ ਕੱਲ੍ਹ ਨੂੰ ਕਲੀਰੇ ਤੇ ਮਹਿੰਦੀ ਬਚਾਉਣੀ
ਜੇ ਸਾਂਝਾਂ ਦੀ ਦੁਲਹਨ ਹੈ ਡੋਲੀ 'ਚੋਂ ਲਾਹੁਣੀ।
ਤਾਂ ਤੇਲ ਦੇ ਤਿਜੋਰੀ ਜਲਾ ਦੇ ਇਹ ਖਾਤੇ
ਨਹੀਂ ਪਾਪ ਚੋਰਾਂ ਦੇ ਘਰ ਸੰਨ੍ਹ ਲਾਉਣੀ।

ਜੇ ਮੰਜ਼ਿਲ ਤੋਂ ਦੋ ਪੈਰ ਅੱਗੇ ਹੈ ਰਹਿਣਾ
ਨਵੀਂ ਰਾਹ ਦੇਹ ਜ਼ਿੰਦਗੀ ਦੇ ਸਫ਼ਰ ਨੂੰ।
ਜੋ ਮੰਦਰ, ਦੁਆਰੇ ਜਾਂ ਮਸਜਦ ਨਾ ਜਾਏ
ਜੇ ਜਾਏ ਤਾਂ ਬੱਸ ਆਦਮੀਅਤ ਦੇ ਦਰ ਨੂੰ।

●

### 2. ਪਰਭਾਤ ਦੀ ਖ਼ਾਤਰ

ਇਹ ਦਿਲ ਦੀਦੇ ਪਕਾ ਦੇਂਦਾ ਕਿਸੇ ਤੇ ਝਾਤ ਦੀ ਖ਼ਾਤਰ।
ਕਦੇ ਬਾਜ਼ੀ ਗਵਾ ਲੈਂਦਾ ਕਿਸੇ ਤੋਂ ਮਾਤ ਦੀ ਖ਼ਾਤਰ।
ਸਜ਼ਾ ਦੇ ਹਰ ਕੋਈ ਤਾਰਾ ਮੇਰੀ ਚਾਹਤ ਦੇ ਮੱਥੇ ਤੇ,
ਮੈਂ ਹਰ ਦਿਨ ਵੇਚ ਆਇਆ ਹਾਂ ਤੇਰੀ ਇਸ ਰਾਤ ਦੀ ਖ਼ਾਤਰ।
ਨ ਦੇਹ ਅੱਜ ਇਸ਼ਕ ਤੇ ਮੇਰੇ ਫਟੀ ਰਸਮਾਂ ਦੀ ਚਾਦਰ ਨੂੰ,
ਬਹੁਤ ਭੁੱਬ ਤੁੰਬ ਕੇ ਚੜ੍ਹਿਆ ਹਾਂ ਮੈਂ ਇਸ ਪਰਭਾਤ ਦੀ ਖ਼ਾਤਰ
ਇਹੀ ਦਰ ਹੈ ਜੋ ਸਾਰੀ ਜ਼ਿੰਦਗੀ ਭਿੜ ਭਿੜ ਕੇ ਖੁਲ੍ਹਦਾ ਹੈ,
ਕਦੇ ਸੌਗਾਤ ਦੀ ਖ਼ਾਤਰ ਕਦੇ ਖ਼ੈਰਾਤ ਦੀ ਖ਼ਾਤਰ।

●●

## ਬਚਿੱਤਰ ਬੱਧਣੀ

### ਗੀਤ

ਜੰਮੀ ਨਾ ਨੀ ਮਾਏ ਸਾਨੂੰ ਐਹੋ ਜੇ ਸਮਾਜ ਵਿੱਚ।
ਦਿੱਤੀ ਜਾਂਦੀ ਬਲੀ ਜਿਥੇ ਧੀਆਂ ਦੀ ਨੀ ਦਾਜ ਵਿੱਚ।
ਜਿਹੜਾ ਚੰਦਰਾ ਸਮਾਜ ਭੁੱਖਾ ਦਾਜ ਦਾ
ਉਹਨੂੰ ਪਤਾ ਕੀ ਮਾਏ ਨੀ ਸਾਡੀ ਲਾਜ ਦਾ
ਲੱਖਾਂ ਰੋਣੇ ਵਿੱਚੇ ਜਿੱਥੇ ਜ਼ਿੰਦਗੀ ਦੀ ਭਾਜ ਵਿੱਚ
ਜੰਮੀ ਨਾ ਨੀ ਮਾਏ ... ...
ਗਹਿਣੇ ਗੱਟੇ ਅਤੇ ਦਰੀਆਂ ਦਾ ਰਿਵਾਜ ਜਿੱਥੇ
ਰੁਲੇ ਸੇਠ ਪੈਰੀਂ ਬਾਬਲ ਦਾ ਤਾਜ ਜਿੱਥੇ
ਬਾਪੂ ਦੀ ਕਮਾਈ ਜਿੱਥੇ ਜਾਂਦੀ ਹੈ ਵਿਆਜ ਵਿੱਚ
ਜੰਮੀ ਨਾ ਨੀ ਮਾਏ ... ...
ਧੀਆਂ ਵਾਲਿਆਂ ਦੇ ਸਦਾ ਕਿਉਂ ਨੀਵੇਂ ਥਾਂ ਰਹਿੰਦੇ
ਫਾਹ ਲੈਂਦੇ ਹੈ ਕੋਇਲਾਂ ਨੂੰ ਜਿੱਥੇ ਕਾਂ ਰਹਿੰਦੇ
ਪੀਠੇ ਜਾਂਦੇ ਹੱਕ ਜਿੱਥੇ ਰਾਠਾਂ ਦੇ ਖ਼ਰਾਸ ਵਿੱਚ
ਜੰਮੀ ਨਾ ਨੀ ਮਾਏ ... ...
ਜਿਹੜੇ ਰੂਪ ਦੇ ਮੁੱਠੇ ਹੋ ਬਾਹਰੋਂ ਔਣ ਨੀ
ਹੁੰਦੀ ਗਿੱਠ ਲੰਮੀ ਉਨ੍ਹਾਂ ਦੀ ਹੈ ਧੌਣ ਨੀ
ਟੀ.ਵੀ. ਮੋਟਰਕਾਰ ਜਿਹੜੇ ਮੰਗਦੇ ਨੇ ਬਾਦ ਵਿੱਚ
ਜੰਮੀ ਨਾ ਨੀ ਮਾਏ ... ...

●

## ਬਲਦੇਵ ਚੀਮਾਂ

### ਪ੍ਰਦੇਸੀ ਭਟਕਣ

ਜਦ ਵੀ ਵਤਨ ਛੱਡੋਗੇ
ਮਨ ਪਰਚਾਣ ਲਈ
ਜਾਂ ਭੁੱਖ ਪੇਟ ਦੀ ਮਿਟਾਣ ਲਈ
ਕੁਝ ਕਿਰ ਜਾਵੇਗਾ
ਮੁੱਠੀ ਦੀ ਰੇਤ ਵਰਗਾ
ਬਚਪਨ ਦੀ ਲੁਕਣਮੀਚੀ ਖੇਡ ਵਰਗਾ
ਅੱਲੜ੍ਹ ਉਮਰ ਦੀ ਮੁਹੱਬਤ ਵਰਗਾ!
ਕੁਝ ਛੁੱਟ ਜਾਵੇਗਾ
ਮਾਂ ਦੇ ਪਿਆਰ ਵਰਗਾ
ਕਿਸੇ ਦੇ ਸਾਹੀਂ ਜੀਣ ਦੇ ਦਮ ਵਰਗਾ
ਹਵਾ ਵਿੱਚ ਲਹਿਰਾਣ ਵਰਗਾ
ਤੱਤੇ ਗੁੜ ਦੀ ਮਹਿਕ ਵਰਗਾ!
ਕੁਝ ਟੁੱਟ ਜਾਵੇਗਾ
ਜਿਗਰ ਦੇ ਟੁੱਕ ਵਰਗਾ
ਖਿਲ ਪੌੜੀ
ਅਸਮਾਨੇ ਚੜ੍ਹ ਜਾਣ ਦੇ ਭਰਮ ਵਰਗਾ
ਵਿਸਮਾਦਮਈ ਸੁਪਨੇ ਵਰਗਾ
ਕੱਚੀਆਂ ਤੰਦਾਂ ਵਰਗਾ!
ਤੁਹਾਡਾ ਸਵਾਗਤ ਹੋਵੇਗਾ
ਆਏ ਦਿਨ ਨਵੀਂ ਆਫ਼ਤ ਨਾਲ
ਪ੍ਰੇਸ਼ਾਨੀ ਤੇ ਬੇਚੈਨੀ ਨਾਲ
ਇਕ ਤੜਪਣ ਹੋਵੇਗੀ ਦਿਲ ਅੰਦਰ
ਪਰ ਕਾਰਣ ਲੱਭ ਨਾ ਪਾਓਗੇ
ਸ਼ੀਸ਼ਿਆਂ ਅੰਦਰ ਬੈਠ
ਆਪਾ ਦਾਰੂ ਵਿੱਚ ਡੁਬੋਓਗੇ
ਡੱਬਿਆਂ ਦਾ ਬੰਦ ਖਾਣਾ ਖਾਓਗੇ
ਹਰ ਰਾਤ

ਕੁਝ ਵਾਪਰ ਜਾਣ ਦੀ ਉਮੀਦੇ ਸੌਂਵਾਂਗੇ
ਹਰ ਮੁਰਦਾ ਦਿਨ ਤਨ ਤੇ ਹੰਢਾਵਾਂਗੇ
ਤੇ ਟੱਪਰੀਵਾਸਾ ਜੀਵਨ!
ਇਕ ਮਸ਼ੀਨ ਵਾਂਗਰ
ਖਾ ਪੀ ਕੰਮ ਕਰਾਂਗੇ
ਥੱਕ ਸੌਂਵਾਂਗੇ, ਜਾਗਾਂਗੇ!
ਹਜ਼ਾਰਾਂ ਮੀਲ ਦੂਰ ਰਹਿ ਕੇ
ਵਤਨ ਦੀ ਸੁੱਖ ਚਾਹਾਂਗੇ
ਹਰ ਦੇਸੋਂ ਆਇਆ ਖ਼ਤ
ਸਹਿਮੇ ਦਿਲ, ਕੰਬਦੇ ਹੱਥੀਂ ਖੋਲ੍ਹਾਂਗੇ
ਨਾ ਏਧਰਲੇ ਰਹਾਂਗੇ
ਨਾ ਓਧਰਲੇ ਰਹਾਂਗੇ
ਪੈਂਡੂਲਮ ਤਰ੍ਹਾਂ
ਖ਼ਲਾਅ 'ਚ ਲਟਕ ਜਾਵਾਂਗੇ
ਸਭ ਕੁਝ ਹੈ ਮਨਜ਼ੂਰ ਜੇਕਰ
ਤਾਂ ਆਓ, ਜੰਮ ਜੰਮ ਆਓ
ਪ੍ਰਦੇਸੀ ਭਟਕਣ
ਤੁਹਾਡਾ ਸਵਾਗਤ ਕਰਦੀ ਹੈ !!
●

## ਮਹਿੰਦਰ ਸੂਮਲ

### 1. ਇੱਥੇ ਦੀ ਗੱਲ

ਇੱਥੇ ਡਾਲਰ ਦੀ ਗੱਲ ਭਾਰੂ
ਇੱਥੇ ਹੱਡ ਕੁਟਵਾਣੇ।
ਇੱਥੇ ਰਾਤੀਂ ਨੀਂਦ ਨਾ ਪੈਂਦੀ
ਸੋਚ ਸੋਚ ਮਰ ਜਾਣਾ।
ਇੱਥੇ ਓਵਰ ਟਾਈਮ ਦੀਆਂ ਗੱਲਾਂ
ਜਾਂ ਕੰਮ ਦਾ ਟੁੱਟ ਜਾਣਾ।
ਇੱਥੇ ਕੈਦੀ ਉਡਦੇ ਪੰਛੀ
ਨਾ ਕੋਇਲ ਦਾ ਗਾਣਾ।
ਥੱਕੇ ਟੁੱਟੇ ਜਿਸਮ ਸ਼ਾਮ ਨੂੰ
ਦਾਰੂ ਪੀ ਸੌਂ ਜਾਣਾ।
ਖੇਤਾਂ ਵੱਲ ਤੁਰ ਜਾਏ ਪਤਨੀ
ਛੱਡਕੇ ਬਾਲ ਅੰਞਾਣਾ।
ਨਸਲੀ ਦਾ ਡਰ ਬਿੱਛੂਏ ਵਾਂਗੂੰ
ਘਰ ਬੈਠੇ ਘਬਰਾਣਾ।
ਜਿੰਦ ਤੜਫਦੀ ਮਾਂ ਧਰਤੀ ਲਈ
ਕਦ ਵਤਨਾਂ ਨੂੰ ਜਾਣਾ।
●

### 2. ਲੋਕਤਾ ਦਾ ਦਾਰੂ

ਹੁਣ ਕਿਉਂ ਭੈਭੀਤ ਆਦਮ ਖਾਹਿਓਂ।
ਹੋ ਗਏ ਬਦਨਾਮ ਬੀਬੇ ਰਾਹਿਓਂ।
ਚੋਰ ਤਾਂ ਬਦਨਾਮ ਨਾਂ ਹੈ ਭੁੱਖ ਦਾ
ਲੁੱਟ ਦਾ ਤਾਂ ਮਾਲ ਫੜਿਆ ਠਾਹਿਓਂ।
ਹੋਰ ਤਾਂ ਕੁਝ ਨਹੀਂ ਇਹ ਕੱਠੇ ਲੋਕ ਨੇ?
ਘਰ ਘਰ ਕਿਉਂ ਹੋ ਕੰਬਦੇ ਜਰਵਾਹਿਓਂ।
ਇਹ ਸਤਾਣਾ ਕੂਲੀ ਏਹੀ ਢੂੰਡਦਾ,
ਛਾਲਿਆਂ ਦੀ ਪੀੜ ਦਾ ਸੁੱਖ ਸਾਹਿਓਂ।
ਖ਼ੂਨ ਕ੍ਰਿਤੀ ਦਾ ਪਿਆਲੇ ਛਲਕਦਾ,
ਜਾਮ ਕਰਕੇ ਏਸ ਨੂੰ ਨਾਂ ਜਾਹਿਓਂ।
ਸਾਨੂੰ ਤਾਂ ਦਾਰੂ ਲੋਕਤਾ ਦਾ ਚੜ੍ਹ ਗਿਆ,
ਲੋੜ ਨਹੀਂ ਹੁਣ ਲੈਣ ਦੀ ਮੈਖ਼ਾਨਿਓਂ।
●●

## ਮਹਿਮੂਦ ਮਲੇਰਕੋਟੀ

### ਵੈੱਲੀ ਮਨ

ਇੱਕ ਵਾਰੀ ਦੀ ਗੱਲ ਹੋਵੇ
ਜਾਂ ਅਣਗਿਣਤ ਵਾਰੀ ਦੀ ਗੱਲ
ਗੱਲ ਤਾਂ ਸਾਰੀ ਇੱਕੋ ਹੀ ਹੈ
ਮੈਂ ਸਮਝੌਤਾ ਕਰਦਾ ਕਰਦਾ
ਹਰ ਵਾਰੀ ਸਮਝੌਤਾ ਕਰਦਾ
ਕਰ ਸਮਝੌਤਾ ਉਮਰ ਲੰਘਾਵਾਂ
ਦੁਨੀਆਂ ਭਰ ਦੇ ਰੋਣੇ ਰੋਵਾਂ
ਸਮਝੌਤਾ ਜੇ ਮੈਂ ਕਦੇ ਨਾਂ ਕਰਦਾ
ਜੇ ਪਹਿਲੀ ਵਾਰੀ ਹੀ
ਅੰਦਰ ਦੇ ਕਣ ਨੂੰ ਸਾਬਤ ਰੱਖਦਾ
ਪਰ ਮਨ ਮੇਰਾ ਕਹਿੰਦਾ ਹੈ ਹਰ ਵਾਰੀ
ਅਗਲੀ ਵਾਰੀ ਸਾਬਤ ਰਹਿਣਾ
ਅਗਲੀ ਵਾਰੀ ਸਦਾ ਹੀ ਖੁੰਝੇ
ਖੁੰਝੇ ਨਾਂ ਜੇ ਅੰਦਰੋਂ ਟੁੱਟਿਆ
ਪਹਿਲੀ ਵਾਰੀ ਦਾ ਸਮਝੌਤਾ
ਬਹੁਤ ਕਾਰਗਰ ਸਾਬਤ ਹੁੰਦਾ
ਜਾਂ ਇਸ ਗੱਲ ਦੀ ਸੁਰਤੀ ਹੋਵੀ
ਪਿੱਛੇ ਵੱਲ ਨੂੰ ਨਜ਼ਰਾਂ ਮਾਰਾਂ
ਸਮਝੌਤੇ ਨੇ ਸੁਰਤੀ ਨੂੰ ਵੀ
ਗੰਦਾ ਕਰ, ਵਿੱਚ ਗੰਧਲ ਮਚਾਇਆ।
ਕੌਣ ਭਲਾ ਹੈ ਤਕੜਾ ਹੁੰਦਾ?
ਜਿਸਦੀ ਰੂਹ ਵਿੱਚ ਚਾਨਣ ਹੁੰਦਾ?
ਸੁਰਤੀ ਨੂੰ ਜੋ ਚੰਡਕੇ ਰੱਖਦਾ?
ਮਨ ਵੈੱਲੀ ਦੀ ਗੱਲ ਨਾਂਹ ਸੁਣਦਾ?
●

## ਮੱਖਣ ਸਿੰਘ ਟੂਟ

### ਜ਼ਿੰਦਗੀ

ਭੁੱਖੇ ਢਿੱਡ ਨੂੰ ਝੂਲਕਾ ਦੇਕੇ
ਅੱਖਾਂ ਵਿੱਚ ਸਮਾਕੇ
ਉਂਘਦੀ ਨੀਂਦ ਦੀ ਰੜਕ
ਝੂਟੇ ਦੇ ਉਚੱਟੇ ਕੀਨ੍ਹਿਆਂ ਵਰਗੇ
ਸੁਪਨਿਆਂ ਦੇ ਜ਼ਖ਼ਮ ਲੈਕੇ
ਸੌਂ ਜਾਣਾ ਹੀ ਜੇ ਜ਼ਿੰਦਗੀ ਹੁੰਦਾ
ਸਬਰ ਦੀ ਬਾਸੀ ਰੋਟੀ ਦਾ
ਮਨੁੱਖੀ ਦਰਦਾਂ ਨੂੰ ਸੇਕ ਦੇਣਾ ਹੀ
ਜੇ ਮੰਜ਼ਿਲ ਦਾ ਰਾਹ ਹੁੰਦਾ
ਤਾਂ ਜੂਝਦੇ ਮਨੁੱਖ ਦੀ ਰੀਸੇ
ਬੰਨ੍ਹੇ ਪਸ਼ੂ ਕੀਲਾ ਨਾਂ ਪਟਾਉਂਦੇ।
ਹਨੇਰੇ 'ਚ ਰੀਂਗਦੇ ਪਲਾਂ ਨੂੰ
ਜ਼ਿੰਦਗੀ ਦੀ ਝੋਲੀ ਪਾਕੇ
ਪਸ਼ੂ ਬਿਰਤੀ ਨਾਲੋਂ ਘਟੀਆ ਬਣ
ਮਨੁੱਖੀ ਸਿਰ ਨੀਵਾਂ ਕਰਨ ਨਾਲੋਂ
ਆਓ ਸਿਰ ਚੁੱਕ ਕੇ
ਚੜ੍ਹਦੇ ਸੂਰਜ ਨੂੰ ਅੱਖ ਮਾਰੀਏ।
●

## ਮੰਗਾ ਸਿੰਘ ਬਾਸੀ

### ਜੀਵਨ

ਜੀਵਨ ਇੱਕ ਔਝੜ ਰਾਹ
ਕੰਡਿਆਲੀ ਥੋਹਰ, ਕੰਡਿਆਲਾ ਘਾਹ!
ਹਾਂ! ਜੀਵਨ ਬਹਾਰ ਵੀ ਹੈ
ਦੂਜੇ ਪੱਖ ਤਲਵਾਰ ਵੀ ਹੈ
ਹਨ ਸਭ ਇਸਦੇ ਆਪਣੇ ਦਾਹ!
ਔਝੜ ਕੰਡੇ ਥੋਹਰ ਮਿਟਾਉਣੇ
ਅੱਜ ਦੇ ਜੁੱਗ ਦੀ ਇਹ ਵੰਗਾਰ।
ਦੁਨੀਆਂ ਦੇ ਮਜ਼ਦੂਰੋ ਜਾਗੋ
ਔਝੜ ਦੀ ਮਿਟ ਜਾਏ ਖੜਕਾਰ।
ਇੱਕ ਮੁੱਠ ਹੋਕੇ ਭੇਦ ਮਿਟਾਕੇ
ਪੈ ਜਾਓ ਹੱਕਾਂ ਵਾਲੇ ਰਾਹ।
ਫਿਰ ਜੀਵਨ ਇੱਕ ਸੌਖਾ ਸਾਹ!
ਓ ਮਜ਼ਦੂਰਾ! ਭੋਲੇ ਲੋਕਾ!
ਐਵੇਂ ਨਾ ਤੂੰ ਹੌਸਲਾ ਢਾਹ।
ਮੰਜ਼ਿਲ ਨੂੰ ਪਾਉਣੇ ਦੀ ਖ਼ਾਤਰ
'ਕੰਡਿਆਲਾ ਪੰਧ' ਚੀਰੀ ਜਾਹ!
●

## ਮੋਤਾ ਸਿੰਘ ਗਰੇਵਾਲ

### ਬਿਰਧ ਖ਼ੇਤ ਮਜ਼ਦੂਰ

ਹਾਲਤ ਵੇਖੀ ਮੈਂ ਬਿਰਧਾਂ ਦੀ ਮਾੜੀ।
ਨਾਂ ਜਾਂਦੀ ਤੜਕੇ ਨੂੰ ਅੱਖ ਉਘਾੜੀ।
ਬੈਠੇ ਦਰਾਂ ਮੋਹਰੇ ਲੌਚ ਟਕਾਈ।
ਰੱਬ ਰੱਖੇ ਸੁੱਖ ਟਰੱਕੀ ਨੀ ਆਈ।

ਆਕੇ ਟਰੱਕੀ ਨੇ ਹਾਰਨ ਵਜਾਇਆ
ਬਾਬੇ ਨੂੰ ਪੋਤੇ ਨੇ ਫੜਕੇ ਉਠਾਇਆ
ਬਹਿ ਗਏ ਟਰੱਕੀ 'ਚ ਦੋਵੇਂ ਨੇ ਜਾਕੇ
ਟੁਰਿਆ ਓਹ ਭਾਈ ਟਰੱਕੀ ਭਜਾਕੇ
ਅਗਲੇ ਦਰਾਂ ਮੋਹਰੇ ਜਾਕੇ ਖੜ੍ਹਾਈ
ਛੇਤੀ ਆਵੋ ਭੈਣੋਂ ਉਹ ਦੇਵੇ ਦੁਹਾਈ
ਬਾਰਸ਼ ਦੀ ਵਰਦੀ ਸੀ ਮਾਤਾ ਨੇ ਚਾਹੜੀ
ਹਾਲਤ ਵੇਖੀ ਮੈਂ ਬਿਰਧਾਂ ਦੀ ਮਾੜੀ।

ਦਸਦੇ ਸੀ ਮੈਨੂੰ ਓਹ ਏਦਾਂ ਸੁਣਾਕੇ
ਡਾਢੇ ਦੁਖੀ ਹੋਏ ਕੈਨੇਡਾ 'ਚ ਆਕੇ
ਹੁੰਦੇ ਘਰਾਂ ਵਿੱਚ ਸ਼ੋਰ-ਮ-ਸ਼ੋਰੇ
ਨੂੰਹਾਂ ਤੇ ਪੁੱਤਾਂ ਨੇ ਖੇਤਾਂ ਨੂੰ ਤੋਰੇ
ਹਾਇ ਰੱਬਾ ਸਾਡੀ ਹੈ ਏਥੇ ਦੁਹਾਈ
ਠੇਕੇਦਾਰ ਜਾਂਦੇ ਨੇ ਸਾਨੂੰ ਸਤਾਈ
ਗਰਮੀ ਨਮਾਣੀ ਨੇ ਚਮੜੀ ਹੈ ਸਾੜੀ
ਹਾਲਤ ਵੇਖੀ ਮੈਂ ਬਿਰਧਾਂ ਦੀ ਮਾੜੀ।

ਰੋਲਾਂ'ਚ ਜਾਕੇ ਬਹਾਉਂਦੇ ਨੇ ਭਾਈ
ਲੜਦੇ ਨੇ ਆਪਸ 'ਚ ਪੈਂਦੀ ਦੁਹਾਈ
ਬੇਰੀ ਵੀ ਮਾੜੀ ਏ ਖੱਤੇ ਵੀ ਮਾੜੇ
ਰਲ ਮਿਲਕੇ ਤੋੜੋ ਇਉਂ ਅਰਜ਼ਾਂ ਗੁਜ਼ਾਰੇ
ਲਾ ਦਿਹਾੜੀ ਜਾਂ ਘਰਾਂ ਨੂੰ ਆਏ
ਦੱਸ ਦੱਸ ਡਾਲਰ ਸੀ ਕੁਲ ਕਮਾਏ
ਹੋਇਆ ਥਕੇਵਾਂ ਨੀਂਦਰ ਨਾ ਆਵੇ
ਬਾਪੂ ਆਖੇ ਬੇਟੇ ਨੂੰ ਪੈੱਗ ਲਿਆਵੇ

ਇੱਕ ਗੁਲਾਮੀ ਬਗਾਂਨੀ ਦੀ ਚਾੜ੍ਹੀ
ਹਾਲਤ ਦੇਖੀ ਮੈਂ ਬਿਰਧਾਂ ਦੀ ਮਾੜੀ।

- ਦੂਜਾ ਦਿਨ -

ਹੋਇਆ ਸਵੇਰਾ ਓਹ ਬਿਰਧ ਵਿਚਾਰੇ
ਨਾਂ ਜਾਂਦੇ ਚੈੱਕ ਦੇ ਬੋਲ ਸਹਾਰੇ
ਹੋਲਾਂਡ ਪਿੱਛੇ ਜੋ ਬੇਟੀ ਸੀ ਰਹਿੰਦੀ
ਚੈੱਕ ਆਕੇ ਸੀ ਬਾਬੇ ਨੂੰ ਕਹਿੰਦੀ
ਮੁੰਡਿਆ ਤੂੰ ਬਾਬਾ ਦੁਹਾਈ ਮੈਂ ਪਾਵਾਂ
ਹੋਲਾਂਡ ਬੇਟੀ ਮੈਂ ਤੈਨੂੰ ਦਿਖਾਵਾਂ
ਮੁੜਿਆ ਸੀ ਬਾਬਾ ਉਹ ਬਿਰਧ ਵਿਚਾਰਾ
ਦੱਸ ਮੈਨੂੰ ਧੀਏ ਤੂੰ ਬੀਬੀ ਹੈਂ ਗਈ
ਪੱਤਿਆਂ 'ਚ ਰਹਿ ਗਈ ਇਹ ਖਸਮਾਂ ਨੂੰ ਖਾਈ
ਬਾਬੇ ਨੇ ਕਰਤੀ ਸਫ਼ਾਈ ਦੁਬਾਰਾ
ਭਰਕੇ ਫਲੈਟ ਉਹ ਤੁਰਿਆ ਵਿਚਾਰਾ
ਬੇਟੀ ਵਲੈਤੀ ਜਾ ਰੀਡੇ ਤੇ ਚਾੜ੍ਹੀ
ਹਾਲਤ ਦੇਖੀ ਮੈਂ ਬਿਰਧਾਂ ਦੀ ਮਾੜੀ।

ਹਾਲਤ ਦੇਖੀ ਮੈਂ ਬਿਰਧਾਂ ਦੀ ਮਾੜੀ।
ਨਾਂ ਜਾਂਦੀ ਤਕੜੇ ਨੂੰ ਅੱਖ ਉਘਾੜੀ।
ਬੈਠ ਦਰਾਂ ਮੋਹਰੇ ਲੈਂਦੇ ਟਿਕਾਈ।
ਰੱਬ ਰੱਖੇ ਸੁੱਖ ਨੌਕਰੀ ਨੀ ਆਈ।

●

## ਮਿੱਤਰ ਰਾਸ਼ਾ

### 1. ਧੁੱਪ ਦਾ ਬੰਜਰ

ਜਦ ਕਦੇ ਮੈਂ
ਉਹਨੂੰ ਵੇਖਿਆ
ਉਹਦੇ ਤੇ ਮੇਰੇ ਵਿਚਕਾਰ
ਕੁਝ ਕਦਮਾਂ ਦਾ
ਫ਼ਾਸਲਾ ਆ ਗਿਆ

ਓਸ ਫ਼ਾਸਲੇ ਨੂੰ
ਮੈਂ ਕੋਸਦਾ ਰਿਹਾ
ਤੇ ਸੋਚਦਾ ਰਿਹਾ
ਕਦ ਆਏਗਾ
ਓਹ ਪਲ
ਕਹਿਣ ਲਈ
ਦਿਲ ਦੀ ਗੱਲ
ਬੈਠਾਂਗੇ ਰਲ

ਉਹਦੇ ਬੁਲ੍ਹਾਂ ਤੇ ਬੈਠਾ
ਧੁੱਪ ਦਾ ਸਪੋਲੀਆ
ਕਦ ਮਰੇਗਾ
ਕਦ !?
ਗੱਲਾਂ ਦਾ ਫੁੱਲ
ਉਹਦੇ ਬੁਲ੍ਹਾਂ ਤੇ ਖਿੜੇਗਾ

ਉਹਦੇ ਬੁਲ੍ਹਾਂ ਤੇ
ਅੱਜ ਬੋਲਾਂ ਦਾ
ਫੁੱਲ ਖਿੜਿਆ ਸੀ
ਉਹਦੀ ਮੇਰੀ ਨੇੜਤਾ ਦਾ
ਅੱਜ ਮੇਲਾ ਜੁੜਿਆ ਸੀ

ਬੋਲਾਂ ਦਾ ਹਰ ਫੁੱਲ
ਬਣ ਪੱਤੀਆਂ
ਅੱਜ ਉਹਦੇ ਮੂੰਹੋਂ
ਕਿਰਿਆ ਸੀ

ਪਰ ਮੇਰੇ ਅੰਦਰ
ਬੋਲਾਂ ਦਾ ਸਰ ਸੁੱਕਿਆ
ਧੁੱਪ ਨੇ
ਜੀਭ ਨੂੰ ਡੁੱਕਿਆ
ਇਸ ਸੋਚ 'ਚ ਢਲ ਗਿਆ
ਕਿਥੋਂ ਆਰੰਭਾਂ
ਕਿਹੜੀ ਗੱਲ !?
ਗੱਲਾਂ ਦਾ ਰਿਹਾ
ਗੱਲ ਘੁੱਟਿਆ
ਤੇ ਜ਼ਿਹਨ 'ਚ ਰਿਹਾ
ਧੁੱਪ ਦਾ ਬੰਜਰ ਵਿਛਿਆ

ਜਦ ਕਦੇ ਮੈਂ
ਉਹਨੂੰ ਵੇਖਿਆ
ਉਹਦੇ ਤੇ ਮੇਰੇ ਵਿਚਕਾਰ
ਕੁਝ ਕਦਮਾਂ ਦਾ
ਫ਼ਾਸਲਾ ਆ ਗਿਆ

●

### 2. ਬਦਨਾਂ ਦੀ ਖੁਸ਼ਬੋ

ਬੜੀ ਮਹਿੰਗੀ ਬਦਨਾਂ ਦੀ ਖੁਸ਼ਬੋ
ਹੱਸ ਪਏ ਦੁਨੀਆਂ ਕਿਸਮਤ ਪਏ ਰੋ

ਕੰਨ ਪੜਵਾਉਣਾ
ਮੁੰਦਰਾਂ ਪੁਆਉਣਾ
ਚਾਰਨੀਆਂ ਮਹੀਆਂ
ਬੇਲਿਆਂ 'ਚ ਖਲੋ
ਬੜੀ ਮਹਿੰਗੀ ਬਦਨਾਂ ਦੀ ਖੁਸ਼ਬੋ

ਕੁਝ ਘੜੀਆਂ ਵਸਲ ਦੀਆਂ
ਕੁਝ ਬਾਤਾਂ ਅਸਲ ਦੀਆਂ
ਬਾਕੀ ਗੁੱਦੜ ਬੋਹ

ਝੱਲੇ ਬਣਨਾ
ਇੱਕੋ ਝਲਕ ਲਈ
ਸੁਣਦੇ ਰਹਿਣਾ
ਗੱਲ ਅਣਕਹੀ
ਹਸਦੇ ਰਹਿਣਾ
ਨਚਦੇ ਰਹਿਣਾ
ਮਹਿਬੂਬ ਦੇ ਪਿਆਰ ਦੀ
ਜੇ ਹਵਾ ਵੀ ਜਾਏ ਛੋਹ

ਬਹਿ ਜਾਣਾ
ਚੂਲੀ ਸੂਲਾਂ ਨਾਲ ਅੜਾ ਕੇ
ਰਾਂਗਲੇ ਸੁਫ਼ਨਿਆਂ ਦੀ
ਅਰਥੀ ਸਜਾ ਕੇ
ਨੈਣ ਹੰਝੂਆਂ ਨਾਲ ਧੋ

ਜਾਂਦੀ ਵਾਰੀ
ਖਾਲੀ ਪਟਾਰੀ
ਪੂਰੀ ਨਾ ਹੋਈ
ਗੱਲ ਸਾਰੀ
ਦੋ ਚਾਰ ਟੁੱਟੀਆਂ ਕੌਡਾਂ
ਪੱਲੇ ਰਹੀਆਂ ਹੋ

ਬੜੀ ਮਹਿੰਗੀ ਬਦਨਾਂ ਦੀ ਖੁਸ਼ਬੋ

●●

## ਮਨਜੀਤ 'ਮੀਤ'

### ਵਸਲ ਦੀ ਸੋਹ

ਤੂੰ ਮੱਤ ਰੋ ਯਾਰ ਮੱਤ ਰੋ।
ਜੁਦਾਈ ਦੇ ਲੰਬੇ ਨਹੀਂ ਕੋਹ।
ਮੰਜ਼ਿਲ ਤਹਿ ਕਰਕੇ ਰਹਾਂਗੇ
ਹੋ ਲੈਣ ਦੇ ਹੁੰਦਾ ਏ ਜੋ।
ਮੈਥੋਂ ਲੈ ਉਧਾਰੇ ਦੋ ਗ਼ਮ
ਮੈਨੂੰ ਦੇ ਗ਼ਮ ਉਧਾਰੇ ਦੋ।
ਆ ਜਾਊ ਮੁੜ ਚੇਤ ਨਿੱਘਾ
ਲੰਘ ਜਾਣਾ ਏ ਸਰਦ ਪੋਹ।
ਪੂੰਨੂੰ ਵੀ ਨਾ ਦੇਹ ਦੁਰਸੀਸ
ਗ਼ਮ ਦੀ ਡਾਰੀ ਨੂੰ ਚਾਰ ਤੋਹ।
ਚਲੇ ਗਏ ਜੋ ਪਾਰ ਬਲਾਂ ਤੋਂ
ਇਕ ਰੋਜ਼ ਮੁੜ ਆਉਣਗੇ ਉਹ।
ਜੀਨੇ ਦੇ ਮੇਰੇ ਢੰਗ ਸੜੇ
ਮੁੜ ਫੁੱਟ ਪੈਂਦੇ ਨਸੀਬ ਦੋ।
ਗ਼ਮ ਨੂੰ ਗ਼ਮ ਦਾ ਗ਼ਮ ਮਾਰਦਾ
ਦਿਲ ਨੂੰ ਦਿਲ ਦਾ ਮਾਰਦਾ ਮੋਹ।
ਵਣੀਂ ਕਦੇ ਨਾਂ ਛੁਪਦਾ ਚੰਦਨ
ਫੁੱਲ ਦੀ ਛੁਪੇ ਨਾ ਖੁਸ਼ਬੋ।
ਬੇਸ਼ੱਕ ਦਿਨੇ ਗੁਆਚ ਜਾਂਦੀ
ਰਾਤੀਂ ਮੁੜੇ ਤਾਰੇ ਦੀ ਲੋਅ।
ਭਾਵੇਂ ਇਸ਼ਕ 'ਚ ਰਹੇ ਨਾ ਖੇੜਾ
ਗ਼ਮ ਦੀ ਸਦਾ ਹੈ ਹਰੀ ਗੋਲ੍ਹ।
ਪਾ ਲੈਣੀ ਸਾਥਣੀ ਫਟਕੜੀ
ਯਾਰ! ਦਿਲ ਦੇ ਜ਼ਖ਼ਮ ਧੋ।
ਇਹ ਜੱਗ ਸਰੀਕੜਾ ਇਸ਼ਕ ਦਾ
ਭਾਵੇਂ ਮਹਿਰਮ ਹੋ ਨਾ ਹੋ।
ਹੋਣੀ ਹੈ ਤੇਰ ਭੂੰਅਣ ਦੀ
'ਮੀਤ' ਦਿਲ 'ਚ ਸਾਂਭੇ ਵਸਲ ਦੀ ਸੋਹ।

●

ਪਿਛਲੇ ਕੁਝ ਸਮੇਂ ਵਿਚ ਸਾਡੇ ਕੋਲ ਛੇਤੀ ਛਪਣ ਵਾਲਾ ਕਾਫੀ ਮੈਟਰ ਪੁੱਜਾ ਹੈ। ਪਰ ਇਹ ਅੰਕ ਸਪੈਸ਼ਲ ਕਵਿਤਾ ਅੰਕ ਹੋਣ ਕਰਕੇ ਉਸ ਵਿਚੋਂ ਅਸੀਂ ਕੁਝ ਵੀ ਇਸ ਵਿਚ ਸ਼ਾਮਲ ਨਹੀਂ ਕਰ ਸਕੇ। ਉਹ ਸਾਰਾ ਮੈਟਰ ਅਸੀਂ ਅਗਲੇ ਅੰਕ ਵਿੱਚ (ਜਿਹੜਾ ਛੇਤੀ ਹੀ ਪਾਠਕਾਂ ਤੱਕ ਪੁੱਜ ਜਾਏਗਾ) ਦੇਣ ਦੀ ਕੋਸ਼ਿਸ਼ ਕਰਾਂਗੇ

## ਚੰਦਾ ਭੇਜ ਚੁੱਕੇ ਪਾਠਕਾਂ ਨੂੰ

ਜੇ ਕਿਸੇ ਪਾਠਕ ਨੇ ਸਾਨੂੰ ਚੰਦਾ ਭੇਜਿਆ ਹੈ ਪਰ ਉਸਨੂੰ ਪੇਪਰ ਲਗਾਤਾਰ ਨਹੀਂ ਮਿਲ ਰਿਹਾ, ਉਹ ਕ੍ਰਿਪਾ ਕਰਕੇ ਸਾਨੂੰ ਇਸ ਬਾਰੇ ਲਿਖੇ ਤਾਂ ਕਿ ਅਸੀਂ ਆਪਣੀਆਂ ਲਿਸਟਾਂ ਚੈੱਕ ਕਰ ਸਕੀਏ।

## ਰਵਿੰਦਰ ਰਵੀ

### 1. ਪਿੰਡ ਤੇ ਸ਼ਹਿਰ

ਪਿੰਡ ਨੂੰ ਸ਼ਹਿਰ ਦਾ ਤਾਪ ਚੜ੍ਹਿਆ ਹੈ
ਉਸਨੇ ਸ਼ਹਿਰ ਦਾ ਹਰ ਇਕ ਬਿੰਬ, ਆਪਣੇ
ਅੰਤਹਕਰਣ ਦੀ ਚੌਖਟ 'ਚ ਜੜਿਆ ਹੈ:
ਇਕ ਭਟਕਿਆ ਵਰੋਲਾ, ਮ੍ਰਿਗ-
-ਤ੍ਰਿਖਾਇਆ ਨਖ਼ਲਿਸਤਾਨ
ਸ਼ੀਸ਼ੇ ਨੇ ਫੜਿਆ ਹੈ!

ਕਮਾਦਾਂ ਦੇ ਘੰਣੇ ਜੰਗਲਾਂ 'ਚ
ਤੂਫ਼ਾਨੀ ਹਵਾਵਾਂ ਦੀ ਸ਼ੂਕਰ ਦੀ ਥਾਂ
ਖੰਡ ਦੇ ਕਾਰਖ਼ਾਨਿਆਂ ਦਾ ਰੌਲਾ ਹੈ।
ਕਣਕ ਬੀਜਣ ਤੋਂ ਪਹਿਲਾਂ ਹੀ
ਸਿੱਟਿਆਂ ਤੇ ਦਾਣਾ-ਮੰਡੀ ਆ ਬਹਿੰਦੀ ਹੈ!
ਕਪਾਹ ਦੀ ਫੁੱਟੀ 'ਚ ਹੱਸਣ ਦੀ ਵਿਹਲ ਕਿਸਨੂੰ ਹੈ???
ਵੜੇਵਾਂ ਹੀ ਸੂਤੀ ਕੱਪੜੇ ਦਾ ਕਾਰਖ਼ਾਨਾ ਬਣ ਬਹਿੰਦਾ ਹੈ!
ਹਰ ਸੱਚ ਉਧਾਰ –
ਹਰ ਆਸ ਉਸਦਾ ਸੂਦ ਦਰ ਸੂਦ ਬਣੀ ਜਾਂਦੀ ਹੈ
ਸਬਜ਼ੀਆਂ ਦੀ ਕਾਸ਼ਤ ਕਰਨ ਵਾਲੇ
ਸਬਜ਼ੀ-ਮੰਡੀ 'ਚੋਂ ਉਨ੍ਹੇ ਸਿੱਕੇ ਹੀ ਲੈਕੇ ਨਹੀਂ ਪਰਤਦੇ-
ਅਧੂਰੇ ਸੁਪਨਿਆਂ ਦੀ ਜ਼ਹਿਰ-ਮਾਰ ਵੀ ਕਰਦੇ ਹਨ!
ਇਨਫਲੇਸ਼ਨ ਦੇ ਯੁੱਗ ਵਿੱਚ
ਕਾਰ ਤੇ ਚੜ੍ਹਨ ਵਾਲੇ ਰਤਾ ਉੱਚੀ
ਹੈਲੀਕਾਪਟਰ ਚੰਦਰਯਾਨ ਵਾਲੇ ਜ਼ਰਾ ਹੋਰ ਉਚੇਰੀ
ਬੈਲ-ਗੱਡੀ ਤੇ ਊਂਘਦੇ ਜ਼ਰਾ ਨੀਵੀਂ
ਤੇ ਪੈਦਲ ਸ਼ਾਹਸਵਾਰ ਕਦੇ ਪੰਖੀ, ਕਦੇ ਪੰਖ
ਤੇ ਕਦੇ ਗੀਂਗਦੇ ਕੀੜੇ ਦੀ ਤਰ੍ਹਾਂ, ਸਭ-
ਇੱਕੋ ਮੌਤ ਮਰਦੇ ਹਨ।
ਸਭ ਜਣੇ, ਸਤ੍ਹ 'ਤੇ, ਖੁਦ 'ਤੇ, ਇਹ ਸਭ ਕੁਝ-
ਸਾਹ ਲੈਣ ਵਾਂਗ ਕਰਦੇ ਹਨ।

ਅੱਡੀਆਂ ਚੁੱਕੀ ਪਿੰਡ
ਤਿੰਨ ਫੁੱਟੇ ਬੌਣੇ ਵਾਂਗ
ਧਾਰਣ ਉਠਾ ਕੇ
ਪੰਜਾਹ ਫੁੱਟ 'ਤੇ ਲੱਗੇ
ਟੀਸੀ ਦੇ ਬੇਰ ਤੱਕ ਪਹੁੰਚਣ ਦੀ ਕਾਹਲ ਵਿੱਚ-
ਆਪਣਾ ਆਪ ਭੁੱਲ ਗਿਆ ਹੈ
ਕੁਦਰਤ ਦਾ ਕੁਦਰਤੀਪਨ ... ਅੰਨ੍ਹੇ ਖੂਹ 'ਚ ਰੁਲ ਗਿਆ ਹੈ!

ਛੱਡ ਚੱਲੀਏ ਪਿੰਡ
ਏਸ ਲਈ ...
ਕਿ ਇਸਨੂੰ ਸ਼ਹਿਰ ਦਾ ਤਾਪ ਚੜ੍ਹਿਆ ਹੈ?
ਵੱਸੀਏ ਸ਼ਹਿਰ
ਜਿੱਥੇ ਹਰ ਸ਼ੈ 'ਚ ਹੀ
ਭਾਂਬੜ ਬਲਿਆ ਹੈ???

ਸਾਡੇ ਸਿੱਲ੍ਹੇ ਬਾਲਣ ਦਾ ਧੂੰਆਂ
ਜਦ ਤੱਕ ਮੁੜਕੇ ਪਿੰਡ ਪਹੁੰਚੇਗਾ –
ਉਦੋਂ ਤੱਕ ਕੀ ਉੱਥੇ
ਨਵੀਂ ਕੁਦਰਤ ਮੌਲ ਚੁੱਕੀ ਹੋਵੇਗੀ?
ਜਾਂ ਭਾਂਬੜਾਂ ਦਾ ਸੇਕ
ਸਾਡੀ ਸਿੱਲ੍ਹ ਨੂੰ ਸੁਕਾਕੇ
ਪਿਘਲਦੀ ਦੇ ਹਰ ਕਣ ਨੂੰ –
ਜਿਨ੍ਹਾਂ 'ਚੋਂ ਇਕ ਇਕ ਕਣ
ਪਿੰਡ ਪਿੰਡ ਦਾ ਹੁਸਨ ਹੀ ਹੈ–
ਦਾਵਾਨਲ ਵਾਂਗ
ਆਪਣੇ ਕਲਾਵੇ 'ਚ ਲੈ ਚੁੱਕਾ ਹੋਵੇਗਾ?
ਪਿੰਡ ਨੂੰ ਸ਼ਹਿਰ ਦਾ ਤਾਪ ਚੜ੍ਹਿਆ ਹੈ!
ਸ਼ੀਸ਼ੇ ਨੇ ਨਖ਼ਲਿਸਤਾਨ,
ਕਿ ਉਸਦਾ ਭਰਮ ਫੜਿਆ ਹੈ!!!

●

### 2. ਅਨ੍ਹੇਰੀ ਤੇ ਲੋਅ ਵਿਚਕਾਰ

ਭੁੱਖ ਲਗਦੀ ਹੈ
ਕੀੜੀ ਨੂੰ
ਸ਼ੇਰ ਨੂੰ
ਭੇਡ ਨੂੰ
ਬਘਿਆੜ ਨੂੰ!

ਕੁਕੜ ਸੁੰਡ ਚੁਗਦਾ ਹੈ
ਬਗਲਾ ਮੱਛੀਆਂ!

ਆਦਮ-ਖੋਰ ਭੁੱਖ ਵੀ ਹਨ,
ਭੁੱਖ-ਖੋਰ ਮਨੁੱਖ ਵੀ!

ਸ਼ਾਸ਼ਕ ਧੀਮੀ ਜ਼ਹਿਰ ਵਾਂਗ ਹਨ
ਲੋਕ ਵੈਲੀਆਂ ਜਿਹੇ,
ਐਡਿਕਟ ਹੋ ਰਹੇ ਨਿਜ਼ਾਮ ਨੂੰ!

ਕਦੇ ਕਦੇ ਅੱਖ ਖੁੱਲ੍ਹਦੀ ਹੈ:
ਰੁਟੀਨ ਟੁੱਟਦੀ ਹੈ
ਤੋੜ ਲਗਦੀ ਹੈ
ਅੰਗ ਭੱਜਦੇ ਹਨ
ਮਨ ਖਿਝਦਾ ਹੈ -
ਜ਼ਿਹਨ ਵਿੱਚ,
ਮੱਧਮ ਜਿਹੀ,
ਲੋਅ ਜਗਦੀ ਹੈ!

ਨਜ਼ਰ ਨੇ ਜੋ ਕੁਝ
ਸਾਂਵਾਂ ਵੇਖਿਆ ਸੀ
ਆਦਤ ਵਾਂਗ -
ਟੋਏ ਟਿੱਬੇ ਨਜ਼ਰ ਆਉਂਦੇ ਹਨ:
ਓਸੇ ਹੀ ਸਤਹ ਵਿਚ!

ਸਫ਼ੈਦ-ਪੋਸ਼,
ਪਰ-ਜੀਵੀ ਜਾਪਦੇ ਹਨ।
ਬਹੁ-ਗਿਣਤੀ ਵਿੱਚ
ਇਕ ਆਦਿ-ਕਾਲੀ
ਭੇਡ ਵਿਚਰਦੀ
ਦਿਸਦੀ ਹੈ!

ਫਿਰ ਵੀ ਫਿਰ
ਭੇਡ ਨੂੰ, ਉਹ
ਭੇੜੀਏ ਦਾ
ਸ਼ੇਰ ਦਾ
ਮੂੰਹ ਲਾ ਦਿੰਦੇ ਹਨ -
ਨਰਸਿੰਘ ਬਣਾ ਦਿੰਦੇ ਹਨ,
ਸੁਤੰਤਰਤਾ-ਸੰਗਰਾਮੀਆਂ
ਆਤੰਕਵਾਦੀ!
ਪਰ
ਫਿਰ →

## ਲਾਟ ਭਿੰਡਰ

### ਅੱਜ ਦਾ ਉਪਦੇਸ਼

ਉਹ ਜੋ ਤੁਹਾਨੂੰ 'ਦੀਨ ਕੇ ਹੇਤ' ਲੜਨ ਦਾ
ਉਪਦੇਸ਼ ਦਿੰਦੇ ਸਨ – ਸੱਚੇ ਸਨ
ਤੁਸੀਂ ਜਿਨ੍ਹਾਂ ਪਾਲਣਾ ਕੀਤੀ ਬਹਾਦੁਰ ਹੋ।
ਇਹੀ ਉਪਦੇਸ਼ ਤੁਸੀਂ ਸਾਨੂੰ ਦਿੱਤਾ
ਅਸੀਂ ਕਿਸੇ ਗੱਲੋਂ ਘੱਟ ਨਹੀਂ ਸਾਂ ਰਹਿਣਾ ਚਾਹੁੰਦੇ
ਤੁਹਾਡੀ ਆਗਿਆ ਦਾ ਪਾਲਣ ਕਰਦੇ ਰਹੇ
ਉਨਾਂ ਚਿਰ ਜਿੰਨਾ ਚਿਰ ਇਹ ਤਮਾਸ਼ਾ
ਸਾਡੀ ਸਮਝ 'ਚ ਨਾ ਆ ਗਿਆ
ਕੀ ਇਹ ਮਸਲਾ ਸਿਰਫ਼ ਤੁਹਾਡਾ ਜਾਂ ਸਾਡਾ ਸੀ?
ਜਿਨ੍ਹਾਂ ਖ਼ਾਤਰ ਅਸੀਂ ਕੁਰਬਾਨੀਆਂ ਕੀਤੀਆਂ
ਜਿਨਾਂ ਦੇ ਖਾਣ ਲਈ ਸਾਡੇ ਵੀਰ
ਧਰਤੀ 'ਚ ਮੁੜ੍ਹਕਾ ਬੀਜਦੇ ਰਹੇ
ਤੇ ਉਨ੍ਹਾਂ ਸਾਡੀਆਂ ਝੁੱਗੀਆਂ ਢਾਹ ਕੇ
ਅੱਜ ਉੱਥੇ ਉਚੀਆਂ ਇਮਾਰਤਾਂ ਬਣਾਈਆਂ
ਸਾਨੂੰ ਫੁੱਟਪਾਥਾਂ ਤੇ ਸੌਣ ਲਈ ਮਜ਼ਬੂਰ ਕਰ ਦਿੱਤਾ
ਅਸੀਂ ਵਫ਼ਾਦਾਰੀਆਂ ਪਾਲਦੇ ਰਹੇ
ਹੁਣ ਤੱਕ ਇਸੇ ਵਫ਼ਾ ਦੀ ਲਾਸ਼ ਤੇ
ਹਾਸੇ ਲੁਕੋਕੇ ਰੋਂਦੇ ਰਹੇ
ਉਨ੍ਹਾਂ ਦੀ ਜੱਦੀ ਮੱਕਾਰੀ ਨੇ
ਇਸ ਸਾਰੇ ਕੁਝ ਦਾ ਜ਼ਿੰਮੇਵਾਰ
ਸਾਡੇ ਧੁਰੋਂ ਲਿਖੇ ਕਰਮਾਂ ਨੂੰ ਠਹਿਰਾਇਆ
ਮਰਦਾਨੇ ਦੇ ਕਹਿਣ ਵਾਂਗ:
'ਬਾਬਾ, 'ਨਾਮ' ਨਾਲ ਭੁੱਖ ਨਹੀਂ ਮਿਟਦੀ'
ਕੌੜੇ ਰੀਠੇ ਖਾਂਦਾ ਖਾਂਦਾ ਭੁੱਖਾ ਪੇਟ
ਪੁਰਾਣੇ ਉਪਦੇਸ਼ ਤੋਂ ਬਾਗ਼ੀ ਹੈ
ਅੱਜ ਦਾ ਜੋ ਉਪਦੇਸ਼ ਹੈ
ਉਸਨੂੰ ਕੌਣ ਫੁਰਮਾਏਗਾ?
ਕੀ ਫਿਰ ਕੋਈ ਔਲੀਆ ਜਾਂ ਪੈਗੰਬਰ ਆਏਗਾ?
ਜਾਂ ਭੁੱਖ ਦੁੱਖ 'ਚ ਪਿਘਲਿਆ ਪੇਟ
ਕੋਈ ਨਵਾਂ ਐਲਾਨ ਫੁਰਮਾਏਗਾ !!

●

---

→ ਵੀ ਫਿਰ ...
ਤੇ ਫਿਰ...
ਅਲਾਰਮ ਵਾਂਗ,
ਵੱਜਦਾ ਹੈ –
ਕੁਝ ਆਪਣੇ ਹੀ ਅੰਦਰ!

ਲੋਅ ਬੁਝ ਜਾਂਦੀ ਹੈ –
ਅਨ੍ਹੇਰੀ ਵਿੱਚ,
ਮੋਮਬੱਤੀ ਵਾਂਗ!

ਸਭ ਕੁਝ
ਨਾਰਮਲ ਹੋ ਜਾਂਦਾ ਹੈ
ਅੰਗ ਮੁੜ, ਜੁੜ ਜਾਂਦੇ ਹਨ,
ਮਸ਼ੀਨ ਵਾਂਗ –
ਮਨ, ਆਤਮਾਂ, ਚੇਤਨਾ –
ਸਿਧਾਏ ਹੋਏ ਪਾਲਤੂ ਵਾਂਗ
ਚਲੇ ਜਾਂਦੇ ਹਨ
ਆਪੋ ਆਪਣੀ ਥਾਂ ...

ਤੇ ਕਦਮ
ਤੁਰ ਪੈਂਦੇ ਹਨ ਕੰਮ ਤੇ!

●●

# ਬੰਬੇ ਸਵੀਟ ਮੈਨੂਫੈਕਚਰਰ

**4405 MAIN ST., VANCOUVER, B.C.**

## ਬੰਬੇ ਸਵੀਟ ਮੈਨੂਫੈਕਚਰਰ

**FOR LARGEST VARIETY IN INDIAN SWEETS**

ਵਾਧੂ ਪੈਸੇ ਕਿਉਂ ਖ਼ਰਚਣੇ ਹਨ? ਆਓ ਸਾਡੇ ਰੇਟ ਤੇ ਮਾਲ ਚੈੱਕ ਕਰੋ

ਤੁਹਾਡੀ ਸਹੂਲਤ ਨੂੰ ਮੁੱਖ ਰੱਖਦਿਆਂ ਹੋਇਆਂ
ਬੰਬੇ ਸਵੀਟ ਨੇ ਇਕ ਹੋਰ ਬਰਾਂਚ ਪੰਜਾਬੀਆਂ ਦੇ ਗੜ੍ਹ - ਪੰਜਾਬੀ ਮਾਰਕਿਟ ਵਿਚ
**6545 MAIN ST., (NEAR 49TH. AVE)** ਦੇ ਕੋਲ ਖੋਲ੍ਹ ਦਿੱਤੀ ਹੈ.

ਉਥੇ ਸਾਰੀਆਂ ਭਾਰਤੀ ਮਠਿਆਈਆਂ - ਅਤੇ ਭਾਰਤੀ ਸਵਾਦੀ ਖਾਣੇ - ਜਿਵੇਂ ਕਿ,

- ਛੋਲੇ ਭਟੂਰੇ • ਸਮੋਸੇ • ਆਲੂ ਟਿੱਕੀ
- ਕਰਾਰੇ ਕਰਾਰੇ ਗੋਲਗੱਪੇ ਆਦਿ ਆਦਿ....

.....ਅਤੇ ਹੋਰ ਬਹੁਤ ਕੁਝ ਹਰ ਸਮੇਂ ਤਿਆਰ ਮਿਲੇਗਾ

*OUR TEMPTATIONS*,
Largest Variety in Indian Sweets

Burfi - Laddo - Rasgulas - Gulab Jamuns - Masu - Pinnis
**Balu Shahi - Besan - Petha - Gajarpak**

ਅਸੀਂ ਹਰ ਤਰਾਂ ਦੀਆਂ ਭਾਰਤੀ ਸਵਾਦੀ ਮਠਿਆਈਆਂ ਬਣਾਉਣ ਦੇ ਵਿੱਚ ਮਾਹਰ ਹਾਂ।
ਵਿਆਹ ਸ਼ਾਦੀਆਂ ਲਈ ਖਾਸ ਰਿਆਇਤ ਦਿੱਤੀ ਜਾਂਦੀ ਹੈ।

ਆਓ ਤੇ ਵਧੀਆ ਸਾਮਾਨ ਘੱਟ ਕੀਮਤਾਂ ਵਿਚ ਸਾਥੋਂ ਖਰੀਦੋ
ਥੋਕ ਤੇ ਮਠਿਆਈ ਖ਼੍ਰੀਦਣ ਲਈ

ਸ਼ੁਕਲਾ ਬ੍ਰਾਦਰਜ਼

ਵਿਆਹ ਸ਼ਾਦੀਆਂ, ਪਾਰਟੀਆਂ ਲਈ
ਆਰਡਰ ਦੋਹਾਂ ਸਟੋਰਾਂ ਤੇ
ਬੁਕ ਕੀਤੇ ਜਾਂਦੇ ਹਨ

# BOMBAY SWEET MANUFACTURER

Manager: SHUKLA

**874-5722** **321-1414**

**WE ARE OPEN EVERY DAY 9 A.M. TO 9:30 P.M.**

**4405 MAIN ST. (AT 28TH. AVE)**
**VANCOUVER — TEL. 874-5722**

**6545 MAIN ST. (AT 49TH. AVE)**
**VANCOUVER, TEL. 321-1414**

"ONE-STOP" GROCERY CENTRE

# Victoria Food Centre

## FIGURE ON SAVINGS

WHEN YOU FOOD SHOP HERE

## FRESH

*Vegetables from Fiji*
*Every Week*

*SPECIAL SHIPMENT*
*JUST ARRIVED*

**LARGE VARIETY OF**
**RECORDS & 8-TRACKS**

SPECIAL OFFER:

**ALL SIZES**
**HEAVY-**
**BOTTOM**
**PATILAS**

ਹਰ ਸਾਈਜ਼ ਦੇ ਭਾਰੇ ਥੱਲੇ
ਵਾਲੇ ਪਤੀਲੇ ਦੀ ਸੇਲ

**CLEANLINESS**
**LOWEST PRICES — PURE & FRESH**
**QUALITY GROCERY ITEMS**

**5380 VICTORIA DRIVE [AT 38TH]**
**VANCOUVER**
**PH: 325-2933**

ਪੰਜਾਬੀ ਦਾ ਸਾਹਿੱਤਕ ਤੇ ਸੱਭਿਆਚਾਰਕ ਦੋ ਮਾਸਕ ਪੱਤਰ
**WATNO DUR**
P.O. BOX 67681 STN. "O"
VANCOUVER, B.C. V5W 3V2
Second class mail Reg. No. 3233

To


# FRONTIER CLOTH HOUSE LTD.
## 6695 MAIN STREET VANCOUVER, B.C.

## THE KING OF SAREE

**Tel.: 325-3515**

*New*

**Tel.: 325-4424**

# JAPAN SAREE CENTRE




*6672 Main St. At 51st. Vancouver*
*PH: 325-3515*




**ਹੁਣ ਅਸੀਂ ਤੁਹਾਡੀ ਸਹੂਲਤ ਲਈ ਫਰੰਟੀਅਰ ਬਿਲਡਿੰਗ ਦੀ ਦੂਸਰੀ ਮੰਜ਼ਿਲ ਤੇ ਆਪਣਾ ਪੜ੍ਹਦਿਆਂ ਦਾ ਸ਼ੋਅ ਰੂਮ ਖਲ੍ਹ ਲਿਆ ਹੈ**

## *FRONTIER DRAPERY SHOWROOM*

*On 2nd floor of Frontier Bldg.*

## *SHOP FRONTIER TO GET BEST VALUE OF YOUR DOLLAR*


WATNO DUR (Far from the Motherland) is a literary and cultural bi-monthly of PANJABI – the mother-tongue of East Panjab (India) and West Panjab (Pakistan) – published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.

**WATNO DUR**
P.O. BOX 67681 STN. "O"
VANCOUVER, B.C.
V5W 3V2